ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

MONTHLY **SURA** LUDHIANA

ਮਈ ੧੯੯੬

MAY 1996



ਗੁਰਦੁਆਰਾ ਸ਼ਹੀਦ ਗੰਜ ਡੇਹਰਾ ਸਾਹਿਬ
ਲਾਹੌਰ (ਪਾਕਿਸਤਾਨ)

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ॥

## ਤੱਤਕਰਾ


| | | | |
|---|---|---|---|
| ੧ ਮੇਰੇ ਮਨ ਜਪਿ ਨਰਹਰ ਨਾਮੁ ਨਰਹਰਾ | ੧ | ੯ ਅਉਗਣੀ ਭਰਿਆ ਸਰੀਰੁ ਹੈ | ੨੫ |
| ੨ ਅਰਥ ਵਿਆਖਿਆ | ੨ | ੧੦ ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ | ੨. |
| ੩ ਹਰਿ ਕੀਰਤਨ | ੪ | ੧੧ ਪਖੰਡੀ ਸਾਧਾਂ ਦੇ ਟੋਲੇ | ੨੮ |
| ੪ ਸਦਾ ਅੰਗ ਸੰਗੇ | ੮ | ੧੨ ਵਾਰ ਮਾਰੂ ਡਖਣੇ (੧੧) | ੩੦ |
| ੫ ਨਾਮ-ਬਾਣੀ ਦਾ ਅਸਰ | ੧੧ | ੧੩ ਪ੍ਰੇਮ ਖੇਲਣ ਕਾ ਚਾਉ | ੩੪ |
| ੬ ਪੁਲਾੜ ਰੈਹਤ | ੧੩ | ੧੪ ਬਗਾਵਤ ਖੁਸਰੋ ਦੀ, ਸ਼ਹਾਦਤ ਗੁਰੂ ਅਰਜਨ ਦੇਵ ਜੀ ਦੀ | ੩੬ |
| ੭ FUNDAMENTLS OF GURSIKHI | ੧੭ | ੧੫ ਦਲ ਭੰਜਨ ਗੁਰ ਸੂਰਮਾ | ੩੮ |
| ੮ ਮਾਰਚ, ੯੬ ਦੇ ਸਵਾਲਾਂ ਦੇ ਜਵਾਬ | ੨੦ | | |


## ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

| | | | |
|---|---|---|---|
| ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ | ੨ ਮਈ | ਜਨਮ ਸਾਹਿਬਜ਼ਾਦਾ ਅਜੀਤ ਸਿੰਘ | ੪ ਮਈ |
| ਗੁਰਿਆਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ | ੧੦ ਮਈ | ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ | ੨੧ ਮਈ |

## ਹਿਮਾਚਲ ਪ੍ਰਦੇਸ਼ ਵਿਚ 'ਸੂਰਾ' ਪੱਤਰ ਅੱਧੇ ਚੰਦੇ ਤੇ

ਜੋ ਵੀਰ / ਭੈਣ ਸੂਰਾ ਪੱਤਰ ਪੜ੍ਹਨ ਵਿਚ ਰੁਚੀ ਰੱਖਦੇ ਹੋਣ ਉਹ ਹੇਠ ਲਿਖੇ Address ਤੇ ਅੱਧਾ ਚੰਦਾ ਭੇਜ ਕੇ ਸੂਰਾ ਲਗਵਾ ਸਕਦੇ ਹਨ :- ਦਾਸ :- ਪਰਮਜੀਤ ਸਿੰਘ, ਗੁਰੂ ਰਾਖਾ ਐਂਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ। ਟੈਲੀਫੋਨ ੦੧੭੦੪-੨੩੬੭

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧. ਲੁਧਿਆਣਾ- ੧.ਮੁੱਖ ਦਫਤਰ "ਸੂਰਾ"-ਕੋਠੀ ਨੰ. ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
੨.ਸਬ ਆਫਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ।
੨. ਜਲੰਧਰ- ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
੩. ਹੁਸ਼ਿਆਰਪੁਰ- ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
੪. ਪਟਿਆਲਾ- ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁ: ਦੁਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ-ਭਾਈ ਫੌਜਿੰਦਰ ਸਿੰਘ ਜੀ, ੫੩੩/੩ -ਏ ਫ਼ੇਜ਼, ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ - ਭਾਈ ਚਰਨਪਾਲ ਸਿੰਘ।
੭. ਸਾਰੇ ਸਮਾਗਮਾਂ ਸਮੇਂ - ਭਾਈ ਬਲਵੰਤ ਸਿੰਘ ਖਾਲਸਾ, ਗਲੀ ਨੰ. ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ-ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ. ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯. ਮੋਗਾ- ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ: ੨੪੩੪੮, ੨੧੬੮੧
੧੦. ਅੰਮ੍ਰਿਤਸਰ- ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ:੪੫੭੮੭, ਘਰ:੨੩੧੫੨੦
੧੧. ਯਮੁਨਾਨਗਰ- ਸ੍ਰ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ,
ਪਿਨ ਕੋਡ-੧੩੫੦੦੧,ਫੋਨ: ੨੬੨੧੭
੧੨. ਸੰਗਰੂਰ-੧ ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ- ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਬਿਆਂ, ਚੌੜਾ ਖੂਹ, ਨੇੜੇ ਗੁ: ਪਾ: ੬

**ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ**

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ ਮੈਂਬਰਸ਼ਿਪ ੩੦੦ ਰੁ: ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ ੫੦, ੧੦੦/, ੧੫੦ ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋਂ ਜਲਦੀ 'ਸੂਰਾ' ਦਫਤਰ ਭੇਜ ਦੇਣ ਜਾਂ ਨਜ਼ਦੀਕੀ ਸੇਵਾਦਾਰ ਕੋਲ ਜਮ੍ਹਾਂ ਕਰਵਾ ਦੇਣ ਤਾਂ ਜੋ ਇਹ ਪਰਚਾ ਉਨ੍ਹਾਂ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰ੍ਹਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ।- ਸੰਪਾਦਕ

ਸੂਚਨਾ - ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧ ਇੰਗਲੈਂਡ-ਭਾਈ ਗੋਰਨਮ ਸਿੰਘ ਜੀ 10 - LAmbourne Gardens, Earley Reading, Berks U.K. Tel. 01734-267900.
੨ ਅਮਰੀਕਾ-ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨
੩ ਕੈਨੇਡਾ-ਭਾਈ ਰਿਪੁਦਮਨ ਸਿੰਘ ਜੀ ਮਲਿਕ, ਫ਼ੋਨ : ੧੮੦੦੬੬੩੦੨੨੪
੪ ਆਸਟਰੇਲੀਆ-ਭਾਈ ਪਰਸ਼ੋਤਮ ਸਿੰਘ ਜੀ, ਫ਼ੋਨ :੦੬੧੮੬੩੪੮੪੧
੫ ਨੀਊਜ਼ੀਲੈਂਡ - ਭਾਈ ਪਿਆਰਾ ਸਿੰਘ ਜੀ ਫ਼ੋਨ : ੦੬੯੨੭੬੪੩੨੨

**ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ।**

ਸ: ਸੁਬੇਗ ਸਿੰਘ ਆਸਟਰੇਲੀਆ ਦਾ ਨਵਾਂ ਪਤਾ
7. VICTORIA ST. REVESBY N.S.W. SYNDEY AUSTRALIA Post Code -2212 Telephone Mobile 015222737 (Local (02) 7712413


ਡਿਜ਼ਾਈਨ ਕਰਾਫਟ, ਗਿੱਲ ਰੋਡ, ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋਂ ੧੨- ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।

# ਸੂਰਾ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ
ਗੁਰਮਤਿ ਮਾਸਿਕ ਪੱਤਰ

ਜਿਲਦ ੩੦ ਮਈ-੧੯੯੬ ਅੰਕ ੫

| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30-00 | ਸਮੁੰਦਰੀ ਡਾਕ | 100-00 |
| ਇੱਕ ਪਰਚਾ | 3-00 | ਹਵਾਈ ਡਾਕ | 300-00 |

Foreign Subscription

Sea Mail .....100-00 Air Mail ....... 300-00

| ਅਮਾਨਤੀ ਲਾਈਫ਼ ਮੈਂਬਰ | | | |
|---|---|---|---|
| ਦੇਸ਼ | 300-00 | ਪਰਦੇਸ ਸਮੁੰਦਰੀ ਡਾਕ | 1,000-00 |
| | | ਹਵਾਈ ਡਾਕ | 3,000-00 |

*ਜਪਿ ਮਨ ਨਿਰਭਉ ।। ਸਤਿ ਸਤਿ ਸਦਾ ਸਤਿ ।।*
*ਨਿਰਵੈਰੁ ਅਕਾਲ ਮੂਰਤਿ ।। ਆਜੂਨੀ ਸੰਭਉ ।।*
*ਮੇਰੇ ਮਨ ਅਨਦਿਨੁੋ ਧਿਆਇ ਨਿਰੰਕਾਰੁ ਨਿਰਾਹਾਰੀ ।।੧।। ਰਹਾਉ ।।*

(ਸਾਰਗ ਮ: ੪, ਪੰਨਾ ੧੨੦੧)

# ਮੇਰੇ ਮਨ ਜਪਿ ਨਰਹਰ ਨਾਮੁ ਨਰਹਰਾ

ਹਮਰਾ ਚਿਤੁ ਲੁਭਤ ਮੋਹਿਪ ਬਿਖਿਆ, ਬਹੁ ਦੁਰਮਤਿ ਮੈਲੁ ਭਰਾ।।
ਤੁਮਰੀ ਸੇਵਾ ਕਰਿ ਨ ਸਕਹ ਪ੍ਰਭ, ਹਮ ਕਿਉਕਰਿ ਮੁਗਧ ਤਰਾ।।੧।।
ਮੇਰੇ ਮਨ, ਜਪਿ ਨਰਹਰ ਨਾਮੁ ਨਰਹਰਾ।।
ਜਨ ਊਪਰਿ ਕਿਰਪਾ ਪ੍ਰਭਿ ਧਾਰੀ, ਮਿਲਿ ਸਤਿਗੁਰ ਪਾਰਿ ਪਰਾ।।੧।।ਰਹਾਉ।।
ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ, ਹਰਿ ਦੇਹੁ ਮਤੀ ਜਸੁ ਕਰਾ।।
ਤੁਮ੍ਰੈ ਸੰਗਿ ਲਗੇ ਸੇ ਉਧਰੇ, ਜਿਉ ਸੰਗਿ ਕਾਸਟ ਲੋਹ ਤਰਾ।।੨।।
ਸਾਕਤ ਨਰ ਹੋਛੀ ਮਤਿ ਮਧਿਮ, ਜਿਨ੍ ਹਰਿ ਹਰਿ ਸੇਵ ਨ ਕਰਾ।।
ਤੇ ਨਰ ਭਾਗਹੀਨ ਦੁਹਚਾਰੀ, ਓਇ ਜਨਮਿ ਮੁਏ ਫਿਰਿ ਮਰਾ।।੩।।
ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ, ਤੇ ਨ੍ਹਾਏ ਸੰਤੋਖ ਗੁਰ ਸਰਾ।।
ਦੁਰਮਤਿ ਮੈਲੁ ਗਈ ਹਰਿ ਭਜਿਆ, ਜਨ ਨਾਨਕ ਪਾਰਿ ਪਰਾ।।੪।।

(ਬਿਲਾਵਲੁ ਮ: ੪, ਪੰਨਾ ੭੯੯)

ਪਦ ਅਰਥ :- ਲੁਭਤ - ਲੋਭ (ਲਾਲਚ) ਵਿੱਚ ਗ੍ਰਸਿਆ (ਫਸਿਆ) ਹੋਇਆ। ਬਿਖਿਆ - ਮਾਇਆ। ਬਹੁ - ਬਹੁਤ। ਦੁਰਮਤਿ - ਖੋਟੀ ਮਤਿ। ਭਰਾ - ਭਰਿਆ ਹੋਇਆ। ਮੁਗਧ - ਮੂਰਖ।੧।

ਨਰਹਰ - ਪਰਮਾਤਮਾ। ਮਿਲਿ - ਮਿਲ ਕੇ। ਪਾਰਿ ਪਰਾ - ਪਾਰ ਲੰਘ ਗਿਆ।੧। ਰਹਾਉ।

ਮਤੀ - ਮੱਤ, ਅਕਲ। ਜਸੁ - ਸਿਫਤਿ ਸਾਲਾਹ। ਕਾਸਟ - ਕਾਠ, ਲੱਕੜ। ਲੋਹ - ਲੋਹਾ।੨।

ਸਾਕਤ ਨਰ - ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ। ਹੋਛੀ - ਹੌਲੀ। ਮਧਿਮ - ਨਿੰਮ੍ਹੀ, ਕਮਜ਼ੋਰ। ਤੇ ਨਰ - ਉਹ ਬੰਦੇ। ਦੁਹਚਾਰੀ - ਦੁਰਾਚਾਰੀ, ਕੁਕਰਮੀ।੩।

ਨਾਏ - ਨਹਾਉਂਦੇ (ਇਸ਼ਨਾਨ ਕਰਦੇ) ਹਨ। ਸਰਾ - ਸਰੋਵਰ। ਸੰਤੋਖ ਗੁਰ ਸਰਾ - ਸੰਤੋਖ ਦੇ ਗੁਰੂ ਸਰੋਵਰ ਵਿੱਚ (ਉਸ ਗੁਰੂ ਵਿੱਚ ਜੋ ਸੰਤੋਖ ਦਾ ਸਰੋਵਰ ਹੈ)। ਪਾਰਿ ਪਰਾ - ਪਾਰ ਪੈ (ਲੰਘ) ਜਾਂਦੇ ਹਨ।੪।



www.AKJ.Org

# ਅਰਥ ਵਿਆਖਿਆ

ਅਰਥ :- ਹੇ ਮੇਰੇ ਮਨ ! ਪਰਮਾਤਮਾ ਦਾ ਨਾਮ ਸਦਾ ਜਪਿਆ ਕਰ। ਜਿਸ ਮਨੁੱਖ ਉੱਤੇ ਪ੍ਰਭੂ ਨੇ ਕਿਰਪਾ ਕੀਤੀ ਉਹ ਸਤਿਗੁਰੂ ਨੂੰ ਮਿਲ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਿਆ।੧।ਰਹਾਉ।

ਹੇ ਪ੍ਰਭੂ ! ਸਾਡਾ ਮਨ ਮਾਇਆ ਦੇ ਮੋਹ ਵਿੱਚ ਫਸਿਆ ਰਹਿੰਦਾ ਹੈ, ਖੋਟੀ ਮੱਤ ਦੀ ਮੈਲ ਨਾਲ ਬਹੁਤ ਭਰਿਆ ਰਹਿੰਦਾ ਹੈ ਜਿਸ ਕਾਰਨ ਅਸੀਂ ਤੇਰੀ ਸੇਵਾ ਭਗਤੀ ਨਹੀਂ ਕਰ ਸਕਦੇ। ਹੇ ਪ੍ਰਭੂ ! ਅਸੀਂ ਮੂਰਖ ਸੰਸਾਰ-ਸਮੁੰਦਰ ਤੋਂ ਕਿਵੇਂ ਪਾਰ ਲੰਘੀਏ ? ੧।

ਹੇ ਪ੍ਰਭੂ ! ਹੇ ਠਾਕੁਰ ! ਹੇ ਸਾਡੇ ਪਿਤਾ ! ਹੇ ਸਾਡੇ ਮਾਲਕ (ਸੁਆਮੀ) ! ਹੇ ਹਰੀ ! ਸਾਨੂੰ ਐਸੀ ਮੱਤ ਦੇਹ ਤਾਂ ਜੋ ਅਸੀਂ ਤੇਰਾ ਜਸ (ਸਿਫਤਿ ਸਾਲਾਹ) ਕਰਦੇ ਰਹੀਏ। ਹੇ ਪ੍ਰਭੂ ! ਜਿਵੇਂ ਲੱਕੜੀ (ਕਾਠ) ਨਾਲ ਲੱਗ ਕੇ ਲੋਹਾ ਨਦੀ ਤੋਂ ਪਾਰ ਲੰਘ ਜਾਂਦਾ ਹੈ ਤਿਵੇਂ ਜਿਹੜੇ ਬੰਦੇ ਤੇਰੇ ਚਰਨਾਂ ਨਾਲ ਜੁੜਦੇ ਹਨ ਉਨ੍ਹਾਂ ਦਾ ਉਧਾਰ ਹੋ ਜਾਂਦਾ ਹੈ ਭਾਵ ਵਿਕਾਰਾਂ ਤੋਂ ਬਚ ਜਾਂਦੇ ਹਨ।੨।

ਜਿਨ੍ਹਾਂ ਬੰਦਿਆਂ ਨੇ ਕਦੇ ਪ੍ਰਭੂ ਦੀ ਸੇਵਾ-ਭਗਤੀ ਨਹੀਂ ਕੀਤੀ, ਪਰਮਾਤਮਾ ਤੋਂ ਟੁੱਟੇ ਹੋਏ ਉਨ੍ਹਾਂ ਸਾਕਤ ਬੰਦਿਆਂ ਦੀ ਅਕਲ ਹੋਛੀ ਤੇ ਕਮਜ਼ੋਰ ਹੁੰਦੀ ਹੈ। ਉਹ ਮਨੁੱਖ ਬਦ-ਕਿਸਮਤ ਰਹਿ ਜਾਂਦੇ ਹਨ ਅਤੇ ਮੰਦ-ਕਰਮੀ (ਦੁਰਾਚਾਰੀ) ਹੋ ਜਾਂਦੇ ਹਨ। ਫਿਰ ਉਹ ਸਦਾ ਜਨਮ ਮਰਨ ਦੇ ਗੇੜ ਵਿੱਚ ਪਏ ਰਹਿੰਦੇ ਹਨ।੩।

ਹੇ ਮਾਲਕ ਪ੍ਰਭੂ ! ਜਿਨ੍ਹਾਂ ਨੂੰ ਤੂੰ ਆਪਣੇ ਚਰਨਾਂ ਵਿੱਚ ਜੋੜਨਾ ਚਾਹੁੰਦਾ ਹੈ ਉਹ ਸੰਤੋਖ ਦੇ ਸਰੋਵਰ-ਗੁਰੂ ਵਿੱਚ ਇਸ਼ਨਾਨ ਕਰਦੇ ਰਹਿੰਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਨਾਨਕ ਮੋਹਰ ਛਾਪ ਹੇਠ ਬਿਆਨ ਕਰਦੇ ਹਨ ਕਿ ਜਿਹੜੇ ਮਨੁੱਖ ਪ੍ਰਭੂ ਦਾ ਭਜਨ (ਬੰਦਗੀ) ਕਰਦੇ ਹਨ ਉਨ੍ਹਾਂ ਦੀ ਖੋਟੀ-ਮੱਤ ਦੀ ਮੈਲ ਦੂਰ ਹੋ ਜਾਂਦੀ ਹੈ, ਉਹ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ।੪।

ਵਿਆਖਿਆ :- ਜਿਹੜੇ ਮਨੁੱਖ ਮਾਇਆ ਦੇ ਮੋਹ ਵਿੱਚ ਫਸ ਕੇ ਪਰਮਾਤਮਾ ਨੂੰ ਭੁੱਲ ਜਾਂਦੇ ਹਨ ਉਨ੍ਹਾਂ ਸਾਕਤ ਬੰਦਿਆਂ ਦੀ ਮੱਤ ਮਲੀਨ ਹੋ ਜਾਂਦੀ ਹੈ। ਮੈਂ ਮੇਰੀ ਵਿੱਚ ਮੱਤੇ ਉਹ ਹੋਛੀਆਂ ਗੱਲਾਂ ਹੀ ਕਰਦੇ ਰਹਿੰਦੇ ਹਨ। ਉਨ੍ਹਾਂ ਨੂੰ ਪ੍ਰਭੂ ਦੀ ਸੇਵਾ-ਭਗਤੀ ਨਹੀਂ ਭਾਉਂਦੀ। ਪਰਮਾਤਮਾ ਤੋਂ ਟੁੱਟੇ ਹੋਏ ਮਨੁੱਖ (ਸਾਕਤ ਨਰ) ਬਦ-ਕਿਸਮਤ ਹੀ ਰਹਿ ਜਾਂਦੇ ਹਨ ਅਤੇ ਮੰਦੇ ਕੰਮਾਂ ਵਿੱਚ ਹੀ ਰੁੱਝੇ ਰਹਿੰਦੇ ਹਨ। 'ਗੋਬਿੰਦ ਮਿਲਣ' ਵਾਲੇ ਅਸਲੀ ਜੀਵਨ ਮਨੋਰਥ ਨੂੰ ਭੁੱਲ ਕੇ ਮਨੁੱਖਾ ਜੀਵਨ ਦੀ ਬਾਜ਼ੀ ਹਾਰ ਕੇ ਗੋਰੀਂ (ਕਬਰਾਂ ਵਿੱਚ) ਜਾ ਪੈਂਦੇ ਹਨ ਅਤੇ ਮੁੜ ਜਨਮ ਮਰਨ ਦੇ ਚੱਕਰ ਵਿੱਚ ਫਸ ਜਾਂਦੇ ਹਨ।

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥
ਕੂੜਾ ਸਉਦਾ ਕਰਿ ਗਏ, ਗੋਰੀ ਆਇ ਪਏ॥੪੬॥
(ਪੰਨਾ ੧੩੮੦)

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਸਾਡਾ ਮਨ ਦੁਰਮਤਿ (ਖੋਟੀ ਮੱਤ) ਦੀ ਮੈਲ ਨਾਲ ਭਰਿਆ, ਮਾਇਆ ਦੇ ਮੋਹ ਵਿੱਚ ਫਸਿਆ ਰਹਿੰਦਾ ਹੈ ਜਿਸ ਕਰਕੇ ਅਸੀਂ ਤੇਰੀ ਸੇਵਾ-ਭਗਤੀ ਨਹੀਂ ਕਰ ਸਕਦੇ। ਮਾਇਆ ਦੀ ਜਿੱਲ੍ਹਣ ਵਿੱਚ ਫਸੇ ਅਸੀਂ ਮੂਰਖ ਬੰਦੇ ਸੰਸਾਰ-ਸਮੁੰਦਰ ਤੋਂ ਕਿਵੇਂ ਪਾਰ ਲੰਘੀਏ ?

ਸਤਿਗੁਰੂ ਜੀ ਸੱਚ ਹੀ ਕਹਿੰਦੇ ਹਨ, ਮਾਇਆ ਦੀ ਚਟਕ ਮਟਕ ਵਿੱਚ ਮੋਹਿਆ ਮਨ ਕਾਬੂ ਵਿੱਚ ਹੀ ਨਹੀਂ ਆਉਂਦਾ, ਸਤਿ-ਧਰਮ ਦੇ ਮਾਰਗ ਵਲ ਨੂੰ ਮੂੰਹ ਹੀ ਨਹੀਂ ਮੋੜਦਾ, ਗੰਦਗੀ ਦੇ ਟੋਇਆਂ ਵੱਲ ਦੌੜਦਾ ਹੈ, ਮਾਇਆ ਦੇ ਰਸ-ਕਸ ਇਸ ਨੂੰ ਮਿੱਠੇ ਲੱਗਦੇ ਹਨ, ਪ੍ਰਭੂ ਦੀ ਸੇਵਾ-ਭਗਤੀ ਇਸ ਨੂੰ ਚੰਗੀ ਨਹੀਂ ਲੱਗਦੀ। ਮਾਇਆ ਮੱਤੇ ਮਨ ਦਾ ਕੋਈ ਇਤਬਾਰ ਨਹੀਂ, ਪਤਾ ਨਹੀਂ ਇਸਨੇ ਸਰੀਰ ਰੂਪੀ ਘੋੜੀ ਨੂੰ ਕਦੋਂ ਗੰਦ-ਮੰਦ ਦੇ ਟੋਇਆਂ ਵਿੱਚ ਲੈ ਵੜਨਾ ਹੈ।

ਮਨ ਖੁਟਹਰ ਤੇਰਾ ਨਹੀ ਬਿਸਾਸੁ
ਤੂ ਮਹਾ ਉਦਮਾਦਾ॥
ਖਰ ਕਾ ਪੈਖਰੁ ਤਉ ਛੁਟੈ
ਜਉ ਊਪਰਿ ਲਾਦਾ॥੧॥ਰਹਾਉ॥(ਪੰਨਾ ੮੧੫)

ਖੋਤੇ ਵਾਂਗ ਮਨ ਨੂੰ ਵੀ ਬੰਨ੍ਹ ਕੇ ਰੱਖਿਆਂ ਹੀ ਠੀਕ ਰਹਿੰਦਾ ਹੈ। ਖੋਤੇ ਦਾ ਪੈਖਰ (ਪਿਛਲੇ ਪੈਰਾਂ ਨਾਲ ਬੰਨ੍ਹੀ ਰੱਸੀ) ਉਦੋਂ ਖੋਹਲੀਦਾ ਹੈ ਜਦੋਂ ਉਸ ਨੂੰ ਲੱਦ ਲਿਆ ਜਾਂਦਾ ਹੈ। ਇਸੇ ਹੀ ਤਰ੍ਹਾਂ ਮਸਤੀ ਕਰਨ ਵਾਲੇ ਮਨ ਨੂੰ ਵੀ ਆਹਰੇ ਲਾਈ ਰੱਖਿਆਂ ਹੀ ਸੂਤ ਰਹਿੰਦਾ ਹੈ। ਜਦੋਂ ਖੋਤੇ ਤੋਂ ਭਾਰ ਉਤਾਰ ਦਿੱਤਾ ਜਾਂਦਾ ਹੈ ਤਾਂ ਇਹ ਫੇਰ ਖਰ-ਮਸਤੀ ਕਰਨ ਲੱਗ ਪੈਂਦਾ ਹੈ।

ਮਨ ਹਾਥੀ ਹੈ। ਹਾਥੀ ਨੂੰ ਕਾਬੂ ਵਿੱਚ ਰੱਖਣ ਵਾਸਤੇ ਇਸ ਦਾ ਮਹਾਵਤ (ਚਾਲਕ) ਇਸ ਦੇ ਸਿਰ ਕੋਲ ਇੱਕ ਲੰਬਾ ਸੂਆ ਲੈ ਕੇ ਬੈਠਦਾ ਹੈ। ਜਦੋਂ ਹਾਥੀ ਐਧਰ ਓਧਰ ਭੱਜਣ ਲੱਗਦਾ ਹੈ ਤਾਂ ਮਹਾਵਤ ਉਸ ਦੇ ਸਿਰ ਵਿੱਚ ਸੂਆ



www.AKJ.Org

ਖੋਭ ਦਿੰਦਾ ਹੈ। ਸੂਏ ਦੀ ਪੀੜ ਤੋਂ ਡਰਦਾ ਹਾਥੀ ਸਿੱਧੇ ਰਾਹ ਤੁਰਿਆ ਰਹਿੰਦਾ ਹੈ। ਘੋੜੀ ਦੇ ਮੂੰਹ ਵਿੱਚ ਲਗਾਮ ਪਾ ਕੇ ਇਸ ਨੂੰ ਕਾਬੂ ਵਿੱਚ ਰੱਖਿਆ ਜਾਂਦਾ ਹੈ। ਇਸੇ ਹੀ ਤਰ੍ਹਾਂ ਮਨ ਨੂੰ 'ਸ਼ਬਦ' ਰੂਪ ਲਗਾਮ/ਕੁੰਡੇ ਰਾਹੀਂ ਕਾਬੂ ਕੀਤਾ ਜਾਂਦਾ ਹੈ। ਜਦੋਂ ਪ੍ਰਭੂ ਦੀ ਕਿਰਪਾ ਹੁੰਦੀ ਹੈ ਤਾਂ ਮਨੁੱਖ ਦਾ ਪੂਰਨ ਗੁਰੂ ਨਾਲ ਮੇਲ ਹੋ ਜਾਂਦਾ ਹੈ। ਸ਼ਰਨ ਆਏ ਬੰਦੇ ਨੂੰ ਸਤਿਗੁਰੂ ਦੀਖਿਆ ਵਜੋਂ ਸ਼ਬਦ (ਗੁਰਮੰਤ੍ਰ) ਦ੍ਰਿੜ੍ਹ ਕਰਵਾ ਦਿੰਦਾ ਹੈ। ਘੋੜੀ ਦੇ ਮੂੰਹ ਵਿੱਚ ਲਗਾਮ (ਕੜੀਅਲ) ਪਾਉਣ ਵਾਂਗ ਜਦੋਂ ਸਿੱਖ ਦੇ ਮੁੱਖ ਵਿੱਚ 'ਸ਼ਬਦ' ਪੈ ਜਾਂਦਾ ਹੈ, ਮਨ ਰੂਪੀ ਹਾਥੀ 'ਸ਼ਬਦ' ਰੂਪ ਕੁੰਡੇ ਦੇ ਅਧੀਨ ਹੋ ਜਾਂਦਾ ਹੈ ਤੇ ਮਨ ਵੱਸ ਵਿੱਚ ਆ ਜਾਂਦਾ ਹੈ।

ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ॥
ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ॥
(ਪੰਨਾ ੫੭੬)

ਕਾਬੂ ਵਿੱਚ ਆਇਆ ਮਨ ਦੁਲਤੀਆਂ ਮਾਰਨੋ ਹਟ ਜਾਂਦਾ ਹੈ ਅਤੇ ਗੁਰੂ ਦੀ ਦੱਸੀ 'ਨਾਮ ਸਿਮਰਨ' ਦੀ ਸੱਚੀ ਕਾਰ ਵਿੱਚ ਜੁੱਟ ਜਾਂਦਾ ਹੈ।

ਸਤਿਗੁਰੂ ਰਾਮਦਾਸ ਜੀ ਮਨ ਨੂੰ ਨਾਮ ਜਪਣ ਦੀ ਹੀ ਤਾਕੀਦ ਕਰਦੇ ਹਨ –

"ਮੇਰੇ ਮਨ, ਜਪਿ ਨਰਹਰ ਨਾਮੁ ਨਰਹਰਾ॥"

ਅਤੇ –

"ਜਪਿ ਮਨ, ਸਤਿਨਾਮੁ ਸਦਾ ਸਤਿਨਾਮੁ" (ਪੰਨਾ ੬੭੦)

ਕਿਉਂਕਿ ਨਾਮ ਜਪਣ ਨਾਲ ਲੋਕ ਪ੍ਰਲੋਕ ਵਿੱਚ ਮੁੱਖ ਉਜਲ ਹੋ ਜਾਂਦਾ ਹੈ ਭਾਵ ਇੱਜ਼ਤ ਮਾਣ ਮਿਲ ਜਾਂਦਾ ਹੈ–

"ਹਲਤਿ ਪਲਤਿ ਮੁਖ ਊਜਲ ਹੋਈ ਹੈ।" (ਪੰਨਾ ੬੭੦)

ਤਾਂ ਤੇ –"ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ"

ਭਾਵ ਸਰਬ-ਵਿਆਪਕ ਨਿਰਲੇਪ ਹਰੀ ਨੂੰ ਸਦਾ ਧਿਆਉਣਾ ਚਾਹੀਦਾ ਹੈ।

ਸਤਿਗੁਰੂ ਜੀ ਪ੍ਰਭੂ ਅੱਗੇ ਜੋਦੜੀ ਕਰਦੇ ਹਨ ਕਿ ਸਾਨੂੰ ਐਸੀ ਮੱਤ ਦਿਓ, ਤਾਂ ਜੋ ਅਸੀਂ ਤੇਰਾ ਜਸ ਕਰਦੇ ਰਹੀਏ ਕਿਉਂਕਿ ਤੇਰੇ ਚਰਨਾਂ ਨਾਲ ਜੁੜਨ ਸਦਕਾ ਲੱਕੜੀ ਨਾਲ ਲੱਗੇ ਲੋਹੇ ਵਾਂਗ ਜੀਵ ਵੀ ਭਵ-ਸਾਗਰ ਤੋਂ ਪਾਰ ਲੰਘ ਜਾਂਦਾ ਹੈ।

"ਤੁਮਰੇ ਸੰਗਿ ਲਗੇ ਸੇ ਉਧਰੇ,
ਜਿਉ ਸੰਗਿ ਕਾਸਟ ਲੋਹ ਤਰਾ॥੨॥"

ਹਾਂ ਜੀ –

"ਤੁਮ ਕਰਹੁ ਦਇਆ ਮੇਰੇ ਸਾਈ।
ਐਸੀ ਮਤਿ ਦੀਜੈ ਮੇਰੇ ਠਾਕੁਰ,
ਸਦਾ ਸਦਾ ਤੁਧੁ ਧਿਆਈ॥੧॥ਰਹਾਉ॥"
(ਪੰਨਾ ੬੭੩)

ਸਤਿਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਜੀ ! ਜਿਨ੍ਹਾਂ ਨੂੰ ਤੁਸੀਂ ਆਪਣੇ ਚਰਨਾਂ ਨਾਲ ਜੋੜਨਾ ਚਾਹੁੰਦੇ ਹੋ ਉਹ ਗੁਰੂ ਰੂਪ ਸੰਤੋਖ ਦੇ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ ਭਾਵ ਸਾਧ-ਸੰਗਤਿ ਵਿੱਚ ਜਾ ਕੇ ਗੁਰਮੁਖ ਸਖੀ ਸਹੇਲੀਆਂ ਸੰਗ ਹਰਿ-ਜਸ ਦੀਆਂ ਘੁੰਮਰਾਂ ਪਾਂਦੇ (ਕੀਰਤਨ ਕਰਦੇ) ਹਨ। ਸਤਿਗੁਰੂ ਅਜੇਹੇ ਮਨੁੱਖਾਂ ਨੂੰ ਅੰਮ੍ਰਿਤ-ਨਾਮ ਦੇ ਸਰੋਵਰ (ਅੰਮ੍ਰਿਤ-ਸਰ) ਵਿੱਚ ਇਸ਼ਨਾਨ ਕਰਾ ਕੇ ਪਾਪਾਂ ਦਾ ਚਿੱਕੜ ਧੋ ਦਿੰਦਾ ਹੈ।

"ਗੁਰਿ ਅੰਮ੍ਰਿਤ ਸਰਿ ਨਵਲਾਇਆ
ਸਭਿ ਲਾਥੇ ਕਿਲਵਿਖ ਪੰਡੁ॥" (ਪੰਨਾ ੭੩੨)

ਮਨੁੱਖ ਦੇ ਮਨ ਦੀ ਮੈਲ ਧੋਤੀ ਗਈ ਤਾਂ ਪ੍ਰਭੂ ਦੇ ਚਰਨਾਂ ਨਾਲ ਟੰਕਾ ਸੌਖਾ ਹੀ ਲੱਗ ਜਾਂਦਾ ਹੈ, ਸੁਰਤ ਦੇ ਸ਼ਬਦ ਨਾਲ ਜੁੜਨ ਸਦਕਾ ਪ੍ਰਭੂ ਨਾਲ ਬਣ ਆਉਂਦੀ ਹੈ ਅਤੇ ਮਨੁੱਖ ਸੰਸਾਰ-ਸਮੁੰਦਰ ਵਿੱਚੋਂ ਪਾਰ ਲੰਘ ਜਾਂਦਾ ਹੈ।

ਦੁਰਮਤਿ ਮੈਲੁ ਗਈ ਹਰਿ ਭਜਿਆ,
ਜਨ ਨਾਨਕ ਪਾਰਿ ਪਰਾ॥੪॥ •••••

## ਫ਼ਾਰਮੂਲੇ (ਗੁਰ)

੧. ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ॥
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ॥ (ਕਾਨੜਾ ਮ: ੫, ਪੰਨਾ ੧੩੦੦)

੨. ਹਰਿ ਕੀਰਤਨੁ ਸੁਣੈ, ਹਰਿ ਕੀਰਤਨੁ ਗਾਵੈ॥
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥੨॥ (ਗਉੜੀ ਮ: ੫, ਪੰਨਾ ੧੯੦)

੩. ਜਮਦੂਤੁ ਤਿਸੁ ਨਿਕਟਿ ਨ ਆਵੈ॥ ਸਾਧਸੰਗਿ ਹਰਿ ਕੀਰਤਨੁ ਗਾਵੈ॥
ਸਗਲ ਮਨੋਰਥ ਤਾ ਕੇ ਪੂਰਨ ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ॥੧੫॥ (ਮਾਰੂ ਸੋਲਹੇ ਮ: ੫, ਪੰਨਾ ੧੦੭੯)

੪. ਰੋਗ ਸੋਗ ਦੂਖ ਤਿਸੁ ਨਾਹੀ॥ ਸਾਧ ਸੰਗਿ ਹਰਿ ਕੀਰਤਨੁ ਗਾਹੀ॥ (ਮਾਰੂ ਮ: ੫, ਪੰਨਾ ੧੦੮੫)

੫. ਮਨ ਹਰਿ ਕੀਰਤਿ ਕਰਿ ਸਦਹੂੰ।
ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭਹੂੰ॥੧॥ਰਹਾਉ॥ (ਦੇਵਗੰਧਾਰੀ ਮ: ੫, ਪੰਨਾ ੫੨੯)



www.AKJ.Org

# ਹਰਿ ਕੀਰਤਨ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਵਡਭਾਗੀ ਹਰਿ ਕੀਰਤਨੁ ਗਾਈਐ।।
ਪਾਰਬ੍ਰਹਮ ਤੂੰ ਦੇਹਿ ਤ ਪਾਈਐ।।੧।।ਰਹਾਉ।।
(੪।।੮੪) (ਗਉੜੀ ਮ: ੫, ਪੰਨਾ ੧੯੬)

ਹਰਿ-ਕੀਰਤਨ ਕੀ ਹੈ ?

ਹਰਿ-ਕੀਰਤਨ ਗਾਵਣ ਦੀ ਐਸੀ ਅਮੋਲਕ ਦਾਤਿ ਹੈ ਜੋ ਕੇਵਲ ਤਿਨ੍ਹਾਂ ਵਡਭਾਗੀ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਨੂੰ ਆਪਿ ਤੁਠ ਕੇ ਗੁਰੂ ਕਰਤਾਰ ਦੇਵੇ। ਸਤਿਗੁਰੂ ਨਾਨਕ ਸੱਚੇ ਪਾਤਸ਼ਾਹ ਅਸਾਂ ਕਲਜੁਗੀ ਜੀਵਾਂ ਤੇ ਤੁੱਠਾ ਤਾਂ ਇਹ ਰੱਬੀ ਦਾਤਿ ਕੀਰਤਨ ਦੀ ਅਸਾਂ ਨੂੰ ਪ੍ਰਾਪਤ ਹੋਈ ਪਰ ਅਸਾਥੋਂ ਇਹ ਸਮ੍ਹਾਲੀ ਨਾ ਗਈ।

ਹਰਿ ਕੀਰਤਨ ਇਕ ਰੱਬੀ ਦਾਤਿ ਹੈ, ਜੋ ਧੁਰ ਕਰਤਾਰ ਦੇ ਦਰਬਾਰੋਂ ਕਲਜੁਗੀ ਜੀਵਾਂ ਦੇ ਉਧਾਰ ਲਈ ਸਤਿਗੁਰੂ ਨਾਨਕ ਸਾਹਿਬ ਜੀ ਦੁਆਰਾ ਇਸ ਸੰਸਾਰ ਵਿਖੇ ਆਣ ਕੇ ਪ੍ਰਵੇਸ਼ ਹੋਈ। ਸਤਿਗੁਰ ਨਾਨਕ ਦੇਵ ਜੀ ਮਹਾਰਾਜ ਸੱਚੇ ਪਾਤਸ਼ਾਹ ਦੁਆਰਾ ਧੁਰੋਂ ਆਈ ਸੱਚੀ ਦਾਤਿ 'ਗੁਰਬਾਣੀ' ਅਰਥਾਤ ਧੁਰ ਦੀ ਬਾਣੀ ਹੈ। ਤਾਂਤੇ ਕੇਵਲ ਗੁਰਬਾਣੀ ਨੂੰ ਗਾਵਣਾ ਹੀ ਹਰਿ-ਕੀਰਤਨ ਹੈ। ਗੁਰੂ ਸਾਹਿਬਾਨ ਦੁਆਰਾ ਧੁਰੋਂ ਅਵਤਰੀ ਬਾਣੀ, ਅਮੋਘ ਬਾਣ ਮਈ ਅੰਮ੍ਰਿਤ ਬਾਣੀ ਹੈ, ਜਿਸ ਦੇ ਗਾਵਣ ਸੁਣਨ ਕਰਿ ਹੀ ਗਾਵਣ ਸੁਣਨਹਾਰੇ ਪ੍ਰੇਮੀ ਜਨਾਂ ਦੀਆਂ ਬਿਰਤੀਆਂ ਉਪਰ ਪਾਰਸ-ਕਲਾ ਵਰਤ ਜਾਂਦੀ ਹੈ। ਤਾਂਤੇ ਗੁਰਬਾਣੀ ਦਾ ਕੀਰਤਨ ਹੀ ਹਰਿ-ਕੀਰਤਨ ਹੈ। ਯਥਾ ਗੁਰਵਾਕ -

ਪਾਰਬ੍ਰਹਮੁ ਹੋਆ ਸਹਾਈ
ਕਥਾ ਕੀਰਤਨੁ ਸੁਖਦਾਈ।।
ਗੁਰ ਪੂਰੇ ਕੀ ਬਾਣੀ ਜਪਿ
ਅਨਦੁ ਕਰਹੁ ਨਿਤ ਪ੍ਰਾਣੀ।।੧।।(੪।।੧੬।।੨੭)
(ਸੋਰਠਿ ਮ: ੫, ਪੰਨਾ ੬੧੬)

ਤਥਾ- ਗੁਰ ਪੂਰੇ ਕੀ ਬਾਣੀ।।
ਪਾਰਬ੍ਰਹਮ ਮਨਿ ਭਾਣੀ।।
ਨਾਨਕ ਦਾਸਿ ਵਖਾਣੀ।।
ਨਿਰਮਲ ਅਕਥ ਕਹਾਣੀ।।੨।।੧੮।।੮੨।।
(ਸੋਰਠਿ ਮ: ੫, ਪੰਨਾ ੬੨੯)

ਪੁਨਾ-
ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ
ਹਰਿ ਕੀਰਤਿ ਹਰਿ ਮਨਿ ਧਾਰੇ ਰਾਮ...੧।। (੪।।੩)
(ਬਿਹਾਗੜਾ ਮ: ੪, ਪੰਨਾ ੫੩੯)

ਤਥਾ- ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ।।
ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ...੨।।(੪।।੪)
(ਬਿਹਾਗੜਾ ਮ: ੪, ਪੰਨਾ ੫੪੦)

ਹਰਿ-ਕੀਰਤਨ ਦਾ ਅਸਰ ਤੇ ਫਲ -

ਕੀਰਤਨ ਕਲਜੁਗ ਦੀ ਸਮਾਧੀ ਹੈ। ਚੰਚਲ ਮਨ ਜੋ ਕਿਸੇ ਬਿਧਿ ਭੀ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ ਕਲਾ ਦੁਆਰਾ ਅਵੱਸ਼ ਅਸਥਿਰ ਹੋ ਜਾਂਦਾ ਹੈ। ਗੁਰਬਾਣੀ ਦਾ ਪਾਠ ਮਾਤ੍ਰ ਭੀ ਪਾਰਸ ਰੂਪੀ ਹੈ, ਪਰ ਗੁਰਬਾਣੀ ਦਾ ਕੀਰਤਨ ਤਾਂ ਤਤਕਾਲ ਹੀ ਅਗਾਧ ਪਾਰਸ-ਕਲਾ ਵਰਤਾਉਣ ਨੂੰ ਸਮਰੱਥ ਹੈ। ਅਸੀਂ ਇਸ ਪਾਰਸ ਨੂੰ ਛਿਨ ਭੰਗਰ ਮਾਤਰ ਹੀ ਪਰਸਦੇ ਹਾਂ। ਗੁਰਬਾਣੀ ਦੇ ਪਾਠ ਅਤੇ ਕੀਰਤਨ ਨਮਿਤ ਦਿਨ ਰਾਤ ਵਿਚੋਂ ਸਮੇਂ ਦਾ ਦਸੌਂਧ (ਦਸਵਾਂ ਹਿੱਸਾ) ਭੀ ਅਰਪਨ ਨਹੀਂ ਕਰਦੇ। ਉਹ ਭੀ ਜੋ ਛਿੰਨ ਭੰਗਰੀ ਸਮਾਂ ਇਤ ਵਲ ਅਰਪਨ ਕਰਦੇ ਹਾਂ ਸੋ ਬਧੇ ਚੱਟੀ ਹੀ ਭਰਦੇ ਹਾਂ। ਜਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਨੂੰ :-

ਜੈਸੋ ਗੁਰਿ ਉਪਦੇਸਿਆ
ਮੈ ਤੈਸੋ ਕਹਿਆ ਪੁਕਾਰਿ।।
ਨਾਨਕੁ ਕਹੈ ਸੁਨਿ ਰੇ ਮਨਾ
ਕਰਿ ਕੀਰਤਨੁ ਹੋਇ ਉਧਾਰੁ।।੪।।੧।।੧੫੮
(ਗੌਂੜੀ ਮਾਲਵਾ ਮ: ੫, ਪੰਨਾ ੨੧੪)

ਰੂਪੀ ਗੁਰਵਾਕ ਉਤੇ ਸੱਚੇ ਸਿੱਖਾਂ ਵਾਲੀ ਸ਼ਰਧਾ-ਭਾਉ ਭਾਵਨੀ ਹੈ, ਓਹ ਕੀਰਤਨ ਨੂੰ ਉਧਾਰ ਦਾ ਮੀਆਰ ਸਮਝ ਕੇ ਕਰਦੇ ਹਨ। ਉਧਾਰ ਹਿੱਤ ਕੀਰਤਨ ਕਰਨਹਾਰਿਆਂ ਨੂੰ ਕੀਰਤਨ ਇਕ ਆਧਾਰ ਅਤੇ ਅਹਾਰ ਰੂਪ ਹੋ ਜਾਂਦਾ ਹੈ। ਉਥੇ ਕੀਰਤਨ ਨਮਿਤ ਸਮੇਂ ਦੀ ਥੁੜ੍ਹੋਂ ਵਾਲੀ ਬੰਧਨਾ ਨਹੀਂ। ਬੰਧਨ ਓਥੇ ਸਭ ਟੁੱਟ ਜਾਂਦੇ ਹਨ। ਕਲਿਆਨ-ਅਭਿਲਾਖੀਆਂ ਦੀ ਮੁੱਖ ਕਾਰ ਹੀ ਕੀਰਤਨ ਬਣ ਆਉਂਦੀ ਹੈ। ਓਹ ਖੁਸ਼ੀ ਸੇਤੀ ਇਸ ਕੀਰਤਨ ਰੂਪੀ ਕਾਰ ਨੂੰ ਸਮ੍ਹਾਰਦੇ ਹਨ, ਬਧੇ ਚੱਟੀ ਨਹੀਂ ਭਰਦੇ।

ਗੁਰਬਾਣੀ ਦੇ ਰੱਬੀ ਕੀਰਤਨ ਵਿਚਿ ਅਕਹਿ ਰਸ



www.AKJ.Org

ਹੈ। ਜਿਉਂ ਜਿਉਂ ਕੀਰਤਨ-ਕਮਾਈ ਵਧਦੀ ਹੈ, ਤਿਉਂ ਤਿਉਂ ਕੀਤਰਨ-ਕਲਾ-ਰਸ ਦਾ ਵਿਗਾਸ ਵੀ ਵਧਦਾ ਜਾਂਦਾ ਹੈ। ਉਹ ਕੀਰਤਨ ਕਰਕੇ ਅਕਦੇ ਥਕਦੇ ਨਹੀਂ। ਅੱਠੇ ਪਹਿਰ ਦਿਨ ਰਾਤ ਭੀ ਉਹ ਕੀਰਤਨ ਕਰਦੇ ਰਹਿਣ ਤਾਂ ਵੀ ਠੱਲ੍ਹ ਨਹੀਂ ਪੈਂਦੀ। ਕੀਰਤਨ-ਪਾਰਸ-ਕਲਾ-ਵਿਗਾਸ ਉਹਨਾਂ ਤੋਂ ਆਪੇਂ ਹੀ ਕੀਰਤਨ ਕਰਾਉਂਦਾ ਹੈ। ਉਹਨਾਂ ਨੂੰ ਕੀਰਤਨ ਦਾ ਰੱਜ ਹੀ ਨਹੀਂ ਆਉਂਦਾ। ਕੀਰਤਨ-ਆਹਾਰੀਆਂ ਦਾ ਅਹਾਰ ਹੀ ਜੁ ਕੀਰਤਨ ਹੋਇਆ। ਗੁਰਬਾਣੀ ਦਾ ਇਲਾਹੀ ਕੀਰਤਨ ਦਿਲ ਦਿਮਾਗ ਵਿਖੇ ਅੰਮ੍ਰਿਤ-ਕਲਾ ਵਰਤਾਉਂਦਾ ਹੈ। ਕੀਰਤਨ ਦਾ ਰਸੀਆ ਇਸ ਰਸ-ਵਿਗਾਸ ਪ੍ਰਾਇਣ ਹੋ ਕੇ ਹੀ ਇਸ ਬਿਧਿ ਕੀਰਤਨ-ਵਲਵਲੇ ਆਪਣੇ ਅੰਤਰਿ ਉਪਜੇ ਹਰਦਮ ਮਹਿਸੂਸ ਕਰਦਾ ਰਹਿੰਦਾ ਹੈ। ਯਥਾ ਗੁਰਵਾਕ :-

ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ॥
ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ
ਹਉ ਹਰਿ ਬਿਨੁ ਖਿਨੁ ਪਲੁ
ਰਹਿ ਨ ਸਕਉ॥੧॥ਰਹਾਉ॥
ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ
ਹਉ ਹਰਿ ਬਿਨੁ ਰਹਿ ਨ ਸਕਉ
ਹਉ ਇਕੁ ਖਿਨੁ॥(੨॥੧੪॥੬੬)

(ਆਸਾਵਰੀ ਮ:੪,ਪੰਨਾ ੩੬੯)

ਤਥਾ- ਕੀਰਤਨ ਨਾਮੁ ਸਿਮਰਤ ਰਹਉ
ਜਬ ਲਗੁ ਘਟਿ ਸਾਸੁ॥੧॥ਰਹਾਉ॥ (੭॥੭੧)

(ਬਿਲਾਵਲੁ ਮ: ੫, ਪੰਨਾ ੮੧੮)

ਪੁਨਾ- ਹਰਿ ਗੁਣ ਗਾਵੈ ਸਦਾ ਦਿਨੁ ਰਾਤੀ
ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ...॥੫॥(੮॥੧॥੪)

(ਬਿਲਾਵਲੁ ਮ: ੪, ਅਸਟ:, ਪੰਨਾ ੮੩੩)

ਤਾਂਹੀ ਤੇ ਕੀਰਤਨ ਦੇ ਰਸੀਏ ਗੁਰਮੁਖ ਸੰਤ ਸਿਖ ਭਗਤ ਜਨਾਂ ਦੇ ਸਤਿਸੰਗ-ਮੰਡਲ ਵਿਖੇ ਅਠੇ ਪਹਿਰ ਕੀਰਤਨ ਦਾ ਹੀ ਪ੍ਰਵਾਹ ਚਲਿਆ ਰਹਿੰਦਾ ਹੈ। ਜੈਸੇ ਕਿ ਇਸ ਗੁਰੰਵਾਕ ਦਾ ਭਾਵ ਹੈ :-

ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ॥
ਕਥਾ ਕੀਰਤਨੁ ਆਨੰਦ ਮੰਗਲ ਧੁਨਿ
ਪੂਰਿ ਰਹੀ ਦਿਨਸੁ ਅਰੁ ਰਾਤਿ॥੧॥ਰਹਾਉ॥(੨॥੪॥੮੪)

(ਬਿਲਾਵਲੁ ਮ: ੫, ਪੰਨਾ ੮੨੦)

ਪੂਰੇ ਸਤਿਗੁਰੂ ਦੇ ਸਚਿਆਰ ਸਿਖ ਦਾ ਅਹਾਰ (ਭੋਜਨ ਚੂਰਾ) ਹੀ ਅਖੰਡ ਕੀਰਤਨ ਹੈ।

ਕੱਚੀ ਬਾਣੀ ਦਾ ਗਾਉਣਾ ਹਰਿ-ਕੀਰਤਨ ਨਹੀਂ :-

ਗੁਰੂ ਘਰ ਵਿਖੇ ਗੁਰਮਤਿ ਅਨੁਸਾਰ ਗੁਰਬਾਣੀ ਦਾ ਇਕ-ਰਸ ਅਖੰਡ ਅਤੇ ਨਿਰਬਾਣ ਕੀਰਤਨ ਹੀ ਪਰਵਾਣ ਹੈ। ਗੁਰਬਾਣੀ ਦੇ ਨਿਰੋਲ ਕੀਰਤਨ ਵਿਖੇ ਕੱਚੀ ਬਾਣੀ ਨੂੰ ਰਲਾਉਣਾ ਕੀਰਤਨ ਦੀ ਅਖੰਡਤਾ ਨੂੰ ਖੰਡਤ ਕਰਨਾ ਹੈ ਅਤੇ ਨਿਰਬਾਣ ਕੀਰਤਨ ਦੇ ਇਕ-ਰਸ ਆਨੰਦ ਅਹਿਲਾਦ ਨੂੰ ਬੇਰਸ ਕਰਨਾ ਹੈ।

ਅੰਮ੍ਰਿਤ ਬਚਨ ਸਤਿਗੁਰ ਕ। ਬਾਣੀ
ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ॥੨॥(੪॥੬)

(ਗੂਜਰੀ ਮ: ੪, ਪੰਨਾ ੪੯੪)

ਗੁਰਵਾਕ ਦੇ ਭਾਵ ਅਨੁਸਾਰ ਕੇਵਲ ਗੁਰਬਾਣੀ ਦਾ ਪਾਠ ਕੀਰਤਨ ਹੀ ਅੰਮ੍ਰਿਤ ਰਸਾਇਣ ਪਾਰਸ-ਰਸ ਉਪਜਾਇਕ ਹੈ।

ਹਰਿ-ਕੀਰਤਨ ਗੁਰਬਾਣੀ ਦਾ ਹੀ ਹੋ ਸਕਦਾ ਹੈ -

ਕੇਵਲ ਗੁਰਬਾਣੀ• ਦੇ ਕੀਰਤਨ ਨੂੰ ਹੀ "ਹਰਿ ਕੀਰਤਨ" ਦੀ ਪਦਵੀ ਪ੍ਰਾਪਤ ਹੈ। ਹਰੀ ਅਕਾਲ ਪੁਰਖ ਸਿਰਜਨਹਾਰ ਕਰਤਾਰ ਦੇ ਹਰਦਮ ਸਾਖਸ਼ਾਤ ਦੀਦਾਰ ਕਰਨਹਾਰੇ ਗੁਰੂ ਸਾਹਿਬਾਨ ਨੇ ਸਨਮੁਖ ਸਾਂਗੋ ਪਾਂਗ ਦਰਸ ਪਰਸ ਕੇ ਹੀ ਗੁਰਬਾਣੀ ਰੂਪੀ ਹਰਿ ਗੁਣ ਗਾਏ ਉਚਰੇ ਹਨ। ਤਾਂ ਹੀ ਇਹਨਾਂ ਗੁਣਾਂ ਦਾ ਗਾਵਣਾ ਹਰਿ-ਕੀਰਤਨ ਹੈ ਅਤੇ ਗੁਰਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦਾ ਹਰਿ ਗੁਣ ਗਾਵਣਾ ਭੀ ਸਦਾ ਹਰਿ-ਕੀਰਤਨ ਕਰਨਾ ਹੈ। ਗੁਰ-ਭਗਤਿ-ਕਮਾਈ ਕੇਵਲ ਹਰਿ ਗੁਣ ਉਚਰੇ ਗਾਏ ਗੁਣਾਂ ਦੁਆਰਾ ਹੀ ਸੰਭਵ ਹੈਂ। ਸੁਣੇ ਸੁਣਾਏ ਗੋਬਿੰਦ ਗੁਣਾਂ ਨੂੰ ਕਲਪਤ ਕਥਨੀ ਦੁਆਰਾ ਗੁੰਫ ਕੇ ਗੀਤਾਂ ਦੀ ਸ਼ਕਲ ਦੇ ਦੇਣਾ, ਅਤੇ ਇਹਨਾਂ ਗੱਠ-ਤੁਪ ਕੀਤੇ ਗੀਤਾਂ ਨੂੰ ਗਾਵਣਾ ਹਰਗਿਜ਼ ਹਰਗਿਜ਼ ਹਰਿ-ਕੀਰਤਨ ਨਹੀਂ ਹੋ ਸਕਦਾ। "ਅਣਡੀਠਾ ਕਿਛੁ ਕਹਣੁ ਨ ਜਾਇ" (ਮਲਾਰ ਮ: ੧, ਪੰਨਾ ੧੨੫੬) ਦੇ ਗੁਰਵਾਕ ਅਨੁਸਾਰ ਜਿਨ੍ਹਾਂ ਨੇ ਸ੍ਰੀ ਅਕਾਲ ਪੁਰਖ ਨਿਰੰਕਾਰ ਨੂੰ ਸਾਂਗੋ ਪਾਂਗ ਪੇਖਿਆ ਹੀ ਨਹੀਂ, ਉਹ ਉਸ ਦੀ ਸਿਫਤਿ ਸਾਲਾਹ ਹੀ ਕੀ ਕਰਿ ਸਕਦੇ ਹਨ ?

ਸੰਤਨ ਕੀ ਸੁਣਿ ਸਾਚੀ ਸਾਖੀ॥
ਸੋ ਬੋਲਹਿ ਜੋ ਪੇਖਹਿ ਆਖੀ....॥

(੪॥੨੫॥੩੬) ਰਾਮਕਲੀ ਮ: ੫, ਪੰਨਾ ੮੯੪)

ਦੇ ਗੁਰਵਾਕ ਅਨੁਸਾਰ ਸਾਲਾਹੀ ਦੀ ਗੁਰ-ਸਾਖੀ ਸਿਫਤ ਸਾਲਾਹ ਹੀ ਹਰਿ-ਜਸ ਅਥਵਾ ਹਰਿ-ਕੀਰਤਨ



www.AKJ.Org

ਬਣ ਸਕਦੀ ਹੈ। ਅਲਪੱਗ ਪੁਰਸ਼ਾਂ ਦੀ ਬਣਾਈ ਗੀਤਾਵਲੀ ਯਾ ਕਬਿੱਤਾਵਲੀ ਕਦਾਚਿਤ ਹਰਿ-ਕੀਰਤਨ ਦੇ ਲਵੇ ਨਹੀਂ ਲਗ ਸਕਦੀ। ਆਮ ਗੀਤਾਂ ਨੂੰ ਰਾਗਾਂ ਵਿੱਚ ਪਾ ਕੇ ਗਾਵਣਾ ਅਤੇ ਰਾਗ-ਵਿਦਿਆ ਘੋਖ ਘੋਖ ਕੇ ਗਾਵਣਾ ਸੰਗੀਤ ਤਾਂ ਹੋ ਸਕਦਾ ਹੈ, ਪਰ ਇਸ ਸੰਗੀਤ ਨੂੰ ਹਰਿ-ਕੀਰਤਨ ਆਖਣਾ ਮਹਾਂ ਭੁਲ ਹੈ।

ਮੋਰੇ ਮੋਹਨ ਸ੍ਰਵਨੀ ਇਹ ਨ ਸੁਨਾਏ।।
ਸਾਕਤ ਗੀਤ ਨਾਦ ਧੁਨਿ ਗਾਵਤ
ਬੋਲਤ ਬੋਲ ਅਜਾਏ।।੧।।ਰਹਾਉ।।

(੪।।੧।।੮੧)ਬਿਲਾਵਲੁ ਮ: ੫, ਪੰਨਾ ੮੨੦)

ਗੁਰਵਾਕ ਦੇ ਭਾਵ ਅਨੁਸਾਰ ਗੁਰ ਗਿਆਨ ਪ੍ਰਚੰਡਨੀ ਦੀਦਾਰ ਨਿਰੰਕਾਰ ਦੇ ਸਾਖਸ਼ਾਤਕਾਰੀ ਜਲਵੇ ਤੋਂ ਘੁਥੇ ਅੰਧਲੇ ਅਗਿਆਨੀ ਸਾਕਤ ਪੁਰਸ਼ਾਂ ਦੇ ਕਥੇ ਸੁਣੇ ਸੁਣਾਏ ਬਿਉਂਤੇ ਰਾਗ ਨਾਦ ਗੀਤਾਂ ਦਾ ਗਾਵਣਾ 'ਬੋਲਤ ਬੋਲ ਅਜਾਏ' ਵਾਲਾ ਹੀ ਕਸੌਂਦਾ ਹੈ। ਇਹਨਾਂ ਕਚ-ਪਿੱਚੇ ਬੋਲ-ਅਬੋਲੀ ਰਾਗ-ਨਾਦੀ ਗੀਤਾਂ ਨੂੰ ਸ੍ਰਵਣੀ ਸੁਣਨਾਂ ਸੁਣਾਵਣਾ ਮਹਾਂ ਮਨਮਤਿ ਹੈ। ਗੁਰਬਾਣੀ ਰੂਪੀ ਸੁਚੇ ਰਤਨਾਂ ਵਿਖੇ ਮਨ-ਘੜਤ ਟੱਪੇ ਬੋਲੀਆਂ ਨੂੰ ਜੋੜ ਕੇ ਰਲਾਵਣਾ ਭੀ ਹਰਿ-ਕੀਰਤਨ ਦੀ ਸੁਚੀ ਪਾਰਸ-ਕਲਾ ਨੂੰ ਕਲੰਕਤ ਕਰਨਾ ਹੈ। ਐਸੇ ਮਿਲਗੋਭੇ ਕੀਰਤਨ ਨੂੰ ਨਿਰਬਾਣ ਅਥਵਾ ਅਖੰਡ ਕੀਰਤਨ ਨਹੀਂ ਕਿਹਾ ਜਾ ਸਕਦਾ। ਗੁਰਬਾਣੀ ਦੀਆਂ ਦੋ ਚਾਰ ਤੁਕਾਂ ਦਾ ਆਸਰਾ ਲੈ ਕੇ ਮਨ-ਉਕਤ ਟੱਪੇ ਜੋੜਿ ਜੋੜਿ ਚਾਹੇ ਸਾਰੀ ਰਾਤ ਹੀ ਕਿਉਂ ਨਾ ਤਾਲ ਪੂਰਿ ਪੂਰਿ ਚਿਮਟੇ ਬਜਾਏ ਜਾਣ ਅਤੇ ਨਿਰੇ ਰਾਗ-ਨਾਦੀ ਗੀਤ ਗਾਇ ਗਾਇ ਭਾਵੇਂ ਕਿਤਨਾ ਹੀ ਸਿਰ ਕਿਉਂ ਨਾ ਖਪਾਇਆ ਜਾਵੇ, ਕਦਾਚਿਤ ਭੀ ਇਸ ਨੂੰ ਅਖੰਡ ਕੀਰਤਨ ਨਹੀਂ ਕਹਿ ਸਕਦੇ। ਕੀਰਤਨ ਦੀ ਨਿਰਖੰਡਤਾ ਅਤੇ ਨਿਰਬਾਣਤਾ ਕੇਵਲ ਨਿਰੋਲ ਗੁਰਬਾਣੀ ਦੇ ਇਕ-ਰਸ ਕੀਰਤਨ ਵਿਚ ਹੈ।

ਹਰਿ ਕੀਰਤਨ ਦਾ ਸੰਗੀਤ-

ਹਰਿ-ਕੀਰਤਨ ਦਾ ਸੁੱਚਾ ਸੰਗੀਤ-ਵਿਗਾਸ ਨਾਮ ਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦੇ ਹਿਰਦੇ ਅੰਦਰਿ ਸੁਤੇ ਸਹਿਜ ਹੀ ਹੋਇ ਆਵੰਦਾ ਹੈ। ਸੁਰ ਤਾਲ ਧੁਨੀਆਂ ਓਥੇ ਆਪ ਪਿਛੇ ਲਗੀਆਂ ਫਿਰਦੀਆਂ ਹਨ। ਪੰਚਮਾਂ ਭੀ ਓਥੇ ਮਾਤ ਪੈ ਜਾਂਦੀਆਂ ਹਨ। ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਪ੍ਰਕਾਸ਼ ਰਿਦੰਤਰਿ ਉਦੇ ਹੋਇਆਂ ਕੀਰਤਨ-ਕਲਾ ਦੇ ਕਿਵਾੜ ਅਗੰਮੋਂ ਆ ਖੁਲ੍ਹਦੇ ਹਨ ਅਤੇ ਰਾਗ ਰਤਨ ਪਰਵਾਰ ਪਰੀਆਂ ਸ਼ਬਦ ਸਰੋਦ ਦੀ ਘੁੰਮਰ ਵਿਚਿ ਤਾਲ ਪੂਰਨ ਦੇ ਤਰਲੇ ਲੈਣਾ ਆਪਣਾ ਫ਼ਖਰ ਸਮਝਦੀਆਂ ਹਨ। ਰਾਗ ਤਾਲ ਸੁਰ ਦੀ ਸੋਝੀ ਸ਼ਬਦ-ਵਿਗਾਸੀਆਂ ਲਈ ਇਕ ਖੱਬੇ ਹੱਥ ਦੀ ਖੇਡ ਹੈ।

ਰਾਗ-ਸੁਰ-ਤਾਲੀਏ ਸੱਤੇ ਬਲਵੰਡ ਹੋਰੀ ਆਪਣੀ ਤਰਬ ਤਾਨਾਰੀਰੀ ਦੇ ਹੁਨਰ ਦੀ ਹੈਂਕੜ ਵਿਚਿ ਸਤਿਗੁਰੂ ਤੋਂ ਆਕੀ ਹੋ ਬੈਠੇ। ਸਤਿਗੁਰੂ ਨੇ ਓਹਨਾਂ ਦਾ ਹੰਕਾਰ ਦਮਨ ਕਰਨ ਲਈ ਆਪਣੇ ਸੂਧੇ ਸਾਦੇ ਸਿੱਖਾਂ ਹਿਤ ਸਰੋਦ-ਅਗੰਮੀ ਸਰੰਦੇ ਦਾ ਨਵ-ਤਰੰਗੀ ਸਾਜ ਈਜਾਦ ਕਰ ਦਿੱਤਾ ਅਤੇ ਆਪਣੇ ਇਕੋ ਨਦਰ-ਕਰੰਮੀ-ਕਟਾਕਸ਼ ਦੁਆਰਾ ਸ਼ਬਦ-ਜੋਤਿ-ਬਿਗਾਸੀ ਗੁਰਸਿਖਾਂ ਨੂੰ ਸਰੋਦ-ਸਰੰਦੀ-ਕੀਰਤਨ-ਕਲਾ ਦਾ ਮਾਹਰ ਬਣਾ ਦਿੱਤਾ। ਗੁਰੂ ਤੇ ਬੇ-ਮੁਖ ਹੋਣ ਕਰ ਸੱਤੇ ਬਲਵੰਡ ਦਾ ਕੀਰਤਨ-ਕਮਾਲ ਖੁੱਸ ਗਿਆ ਨਿਰੇ ਰਾਗ ਹੀ ਰਾਗ ਦੀ ਥੋਥੀ ਤਾਨਾਰੀਰੀ ਰਹਿ ਗਈ। ਗੁਰ-ਫਿਟਕਾਰਿਆਂ ਦਾ ਰਾਗ-ਤਰਬ-ਤਰਾਨਾ ਭੀ ਫਿਟਕਾਰਿਆ ਗਿਆ। ਅਨਿੰਨ ਗੁਰਸਿਖ ਭਾਈ ਲੱਧੇ ਪਰਉਪਕਾਰੀ ਦੇ ਪਰਉਪਕਾਰ ਦੇ ਪਰਤਾਪ ਕਰਿ ਜਦੋਂ ਸੱਤੇ ਬਲਵੰਡ ਉਪਰ ਬਹੁੜਿ ਸਤਿਗੁਰੂ ਦੀ ਰਹਿਮਤ ਭਰੀ ਬਖਸ਼ਸ਼ ਹੋਈ ਤਦ ਸੱਤੇ ਬਲਵੰਡ ਦੀ ਕੀਰਤਨ-ਕਲਾ ਸੁਰਜੀਤ ਹੋਈ। ਰਾਗ ਦਾ ਕਮਾਲ ਭੀ ਆ ਸਫੁਰਨ ਹੋਇਆ।

ਨਿਰੰਕਾਰੀ ਗੁਰੂ ਬਾਬੇ ਦੀ ਅਗੰਮੀ ਸਾਜਨਾ ਦਾ ਰਬਾਬ ਨਿਰੰਕਾਰੀ ਕੀਰਤਨ ਦੇ ਸਰੋਦ-ਤਰਬਾਂ ਨਾਲ ਸੁੱਤੇ ਸੁਰ ਹੋਇਆ ਸ਼ਬਦ-ਤ੍ਰੰਗਾਂ ਦੀ ਪਾਰਸ-ਭੂਤੀ ਕਲਾ ਵਾਲਾ ਸਾਜ ਸੀ, ਜਿਸ ਨੂੰ ਪਰਸਿਆਂ ਹੀ ਵਾਹਿਗੁਰੂ ਨਿਰੰਕਾਰ ਦੇ ਇਲਾਹੀ ਨਾਦ ਦੀਆਂ ਕੀਰਤਨ-ਧੁਨੀਆਂ ਸਹਿਜ ਸੁਭਾਵ ਹੀ ਛਿੜ ਪੈਂਦੀਆਂ ਸਨ। ਮਰਦਾਨਾ ਵਿਚਾਰਾ ਥੋਥਾ ਚਣਾ ਹੀ ਸੀ। ਨਾ ਉਹ ਰਾਗ-ਵਿਦਿਆ ਦੀ ਕਿਸੇ ਟਕਸਾਲ ਵਿਚ ਪੜ੍ਹਿਆ ਹੋਇਆ, ਨਾ ਉਸ ਨੂੰ ਮਉਰੂਸੀ ਮੀਰਾਸੀਆਂ ਵਾਲੀ ਹੁਨਰ ਵਰਾਸਤ ਪ੍ਰਾਪਤਿ। ਦਰ-ਹਕੀਕਤ ਮੀਰਾਸੀ ਜਾਤੀ ਅੰਦਰ ਮਰਦਾਨਾ ਜੀ ਤੋਂ ਪਹਿਲਾਂ ਭੰਡਪੁਣੇ ਤੋਂ ਬਿਨਾਂ ਰਾਗ ਮੁਹਾਰਤ ਦਾ ਹੁਨਰ ਹੀ ਮਾਅਦੂਮ (ਗੁੰਮ) ਸੀ। ਰਾਗ ਵਿਰਾਸਤ ਦੇ ਪਹਿਲੇ ਵਿਰਸੇਦਾਰ ਮਰਦਾਨਾ ਜੀ ਹੋਏ। ਕੁਛ ਕਾਲ ਰਾਗ ਵਿਰਾਸਤ ਦੀ ਪੀੜ੍ਹੀ ਮਰਦਾਨਾ ਜੀ ਦੀ ਸੰਤਾਨ


www.AKJ.Org

ਵਿਖੇ ਚੱਲੀ ਅਤੇ ਖੂਬ ਚੱਲੀ, ਪਰ ਗੁਰੂ ਬਾਬੇ ਦੀ ਚਲਾਈ ਚੱਲੀ। ਸਾਦ-ਮੁਰਾਦਾ ਮਰਦਾਨਾ ਤਾਂ ਹੱਥ ਵਿੱਚ ਰਬਾਬ ਫੜਨ ਭੀ ਨਹੀਂ ਜਾਣਦਾ ਸੀ, ਰਾਗ ਅਲਾਪਣਾਂ ਤਾਂ ਕਿਤੇ ਰਿਹਾ। ਨਿਰੰਕਾਰੀ ਰਬਾਬ ਦੇਖਣ ਸਾਰ ਹੀ ਠਠੰਬਰ ਗਇਆ। ਗੁਰੂ ਬਾਬੇ ਨੇ ਨਦਰ ਮੇਹਰ ਦੀ ਕ੍ਰਿਸ਼ਮ-ਕਉਤਕੀ-ਕਲਾ ਵਰਤਾਈ, ਤਾਂ ਛਿਨ ਮਾਤਰ ਵਿਚਿ ਮੁਘਧ ਅਜਾਣ ਮਰਦਾਨਾ ਇਕ ਸੁਘੜ ਸੁਜਾਣ ਰਾਗ-ਪਰਬੀਨ ਅਗਮ-ਤ੍ਰੰਗ-ਸਰੋਦੀ-ਕੀਰਤਨੀਆ ਬਣ ਗਇਆ।

ਕੀਰਤਨ ਸਭ ਤੋਂ ਸ੍ਰੇਸ਼ਟ ਕਰਮ ਹੈ-

ਗੁਰਬਾਣੀ ਦਾ ਗਾਵਣਾ, ਅਰਥਾਤ ਹਰਿ-ਕੀਰਤਨ ਕਰਨਾ ਸਦਾ ਹੀ ਸਫਲ ਅਤੇ ਸੁਖਦਾਈ ਹੈ। ਯਥਾ ਗੁਰਵਾਕ :-

ਗੁਰਬਾਣੀ ਗਾਵਹ ਭਾਈ।।
ਓਹ ਸਫਲ ਸਦਾ ਸੁਖਦਾਈ....।।

(੨।।੧੭।।੮੧) ਸੋਰਠਿ ਮ: ੫, ਪੰਨਾ ੬੨੮

ਸਤਿਸੰਗ ਸਮਾਗਮ ਵਿਚ ਹਰਿ-ਕੀਰਤਨ ਅਥਵਾ ਗੁਰਬਾਣੀ ਰੂਪੀ ਹਰਿ ਗੁਣ ਗਾਉਣ ਦਾ ਲਾਹਾ ਅਪਰ ਅਪਾਰ ਹੈ। ਯਥਾ ਗੁਰਵਾਕ :-

ਸਾਧ ਸੰਗਮਿ ਗੁਣ ਗਾਵਹ ਹਰਿ ਕੇ
ਰਤਨ ਜਨਮੁ ਨਹੀ ਹਾਰਿਓ।।
ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ
ਕੁਲਹ ਸਮੂਹ ਉਧਾਰਿਓ।।੧।।

(੨।।੪।।੩੦) ਦੇਵ ਗੰਧਾਰੀ ਮ: ੫, ਪੰਨਾ ੫੩੪

ਤਥਾ -

ਹਰਿ ਗੁਣ ਗਾਇ ਪਰਮ ਪਦੁ ਪਾਇਆ
ਪ੍ਰਭ ਕੀ ਊਤਮ ਬਾਣੀ।।
ਸਹਜ ਕਥਾ ਪ੍ਰਭ ਕੀ ਅਤਿ ਮੀਠੀ
ਕਥੀ ਅਕਥ ਕਹਾਣੀ...੧।।

(੪।।੪।।੭) ਸੂਹੀ ਮ: ੫ ਛੰਤ, ਪੰਨਾ ੭੮੧

ਅੱਗੇ ਫੇਰ ਗੁਰਬਾਣੀ ਗਾਵਣ ਦੀ ਪਾਰਸ-ਕਲਾ ਗੁਰ-ਸ਼ਬਦ-ਪ੍ਰਮਾਣ ਇਸ ਬਿਧਿ ਨਿਰੂਪਣ ਕਰਾਉਂਦੇ ਹਨ :

ਦੂਖ ਭੂਖ ਸੰਸਾ ਮਿਟਿਆ
ਗਾਵਤ ਪ੍ਰਭ ਨਾਮ।।
ਸਹਜ ਸੂਖ ਆਨੰਦ ਰਸ
ਪੂਰਨ ਸਭਿ ਕਾਮ।।੧।।ਰਹਾਉ।।

(੨।।੧੧।।੭੫) ਬਿਲਾਵਲੁ ਮ: ੫, ਪੰਨਾ ੮੧੯

ਹਰਿ-ਕੀਰਤਨ ਗੁਰਬਾਣੀ ਗਾਵਣ ਦੀ ਪਾਰਸ-ਕਲਾ ਦੇ ਅਨੇਕ ਉਦਾਹਰਨ ਗੁਰ ਪ੍ਰਮਾਣ ਗੁਰਬਾਣੀ ਅੰਦਰਿ ਆਉਂਦੇ ਹਨ, ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਹਰਿ-ਕੀਰਤਨ ਹੀ ਸਿਰ ਕਰਮਨ ਕੇ ਕਰਮਾ ਹੈ ਅਤੇ ਕਲਜੁਗੀ ਜੀਵਾਂ ਦੇ ਉਧਾਰ ਦਾ ਸਹਿਜ ਵਸੀਲਾ ਕੇਵਲ ਹਰਿ-ਕੀਰਤਨ ਹੀ ਹੈ। ਜਿਹਾ ਕਿ -

ਹਰਿ ਕੀਰਤਿ ਸਾਧ ਸੰਗਤਿ ਹੈ
ਸਿਰਿ ਕਰਮਨ ਕੈ ਕਰਮਾ।।
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ।।੮।।

(੧।।੩) ਸੋਰਠਿ ਮ: ੫ ਅਸਟ, ਪੰਨਾ ੬੪੨

('ਗੁਰਮਤਿ ਲੇਖ' ਪੁਸਤਕ ਵਿੱਚੋਂ)

• • • • •

## ਨਾਮ ਦੀ ਖੇਡ

| ਨਾਮੁ ਵਿਸਾਰਿ........ | ਨਾਮੁ ਸਲਾਹਿ......... |
|---|---|
| ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ।।<br>ਮਾਇਆ ਮੋਹੁ ਸਭੁ ਰੋਗੁ ਕਮਾਇਆ।।<br>ਬਿਨੁ ਨਾਵੈ ਮਨੁ ਤਨੁ ਹੈ ਕੁਸਟੀ,<br>ਨਰਕੇ ਵਾਸਾ ਪਾਇਦਾ।।੯।। | ਨਾਮਿ ਰਤੇ ਤਿਨ ਨਿਰਮਲ ਦੇਹਾ।।<br>ਨਿਰਮਲ ਹੰਸਾ ਸਦਾ ਸੁਖੁ ਨੇਹਾ।।<br>ਨਾਮੁ ਸਲਾਹਿ ਸਦਾ ਸੁਖੁ ਪਾਇਆ,<br>ਨਿਜ ਘਰਿ ਵਾਸਾ ਪਾਇਦਾ।।੧੦।।<br>(ਮਾਰੂ ਮ: ੩, ਪੰਨਾ ੧੦੬੪) |



www.AKJ.Org

# ਸਦਾ ਅੰਗ ਸੰਗੇ

(ਭਾਈ ਜਸਬੀਰ ਸਿੰਘ ਜੀ ਖਾਲਸਾ, ਖੰਨੇ ਵਾਲੇ)

ਦੋ ਅਖਰ ਨੇ, ਇਕ ਹੈ ਅੰਗ ਤੇ ਦੂਜਾ ਹੈ ਸੰਗ। ਇਨ੍ਹਾਂ ਦੋਹਾਂ ਅੱਖਰਾਂ ਨੂੰ ਜੇ ਜ਼ਰਾ ਡੂੰਘੀ ਵੀਚਾਰ ਨਾਲ ਵੀਚਾਰੀਏ ਤਾਂ ਇਨ੍ਹਾਂ ਵਿੱਚ ਮਿਲਾਪ ਦਾ ਇੱਕ ਅਦਭੁੱਤ ਤੇ ਕਮਾਲ ਦਾ ਭੇਦ ਪ੍ਰਗਟ ਹੋ ਜਾਏਗਾ।

ਪਰਮਾਤਮਾ ਦੇ ਗੁਣ ਗਾ ਗਾ ਕੇ, ਵਡਿਆਈਆਂ ਕਰ ਕਰ ਕੇ, ਸਿਫਤ ਸਾਲਾਹ ਕਰ ਕਰ ਕੇ, ਜੀਵ ਪਰਮਾਤਮਾ ਨੂੰ ਰੀਝਾਅ, ਉਸ ਵਿੱਚ ਸਮਾਈ ਕਰ ਸਕਦਾ ਹੈ। ਗੁਣ ਗਾਉਣ ਵਾਲੇ, ਵਡਿਆਈਆਂ ਕਰਨ ਵਾਲੇ ਇਹ ਗੱਲ ਜਾਣਦੇ ਨੇ ਕਿ ਉਹ ਪਰਮੇਸ਼ਵਰ ਦੇ ਅੰਗ ਹਨ। ਜਦੋਂ ਸਿਫਤ ਸਾਲਾਹ ਕਰਨ ਵਾਲੇ ਨੂੰ ਇਹ ਅਨੁਭਵ ਹੋ ਜਾਏ ਕਿ ਜਿਸਦੀ ਮੈਂ ਸਿਫਤ ਸਾਲਾਹ ਕਰ ਰਿਹਾ ਹਾਂ, ਮੈਂ ਉਸ ਦਾ ਅੰਗ ਹਾਂ ਤਾਂ ਇਹ ਗੱਲ ਸਪੱਸ਼ਟ ਹੋ ਜਾਏਗੀ ਕਿ ਜਿਸ ਦਾ ਮੈਂ ਅੰਗ ਹਾਂ ਉਹ ਮੇਰੇ ਸੰਗ ਹੈ। ਜਿਸਦੇ ਅੰਗ ਹੋਈਏ, ਫਿਰ ਉਹ ਸੰਗ ਹੁੰਦਾ ਹੈ। ਅੰਗ ਹੋਣਾ ਹੀ ਸੰਗ ਹੋਣ ਦਾ ਸੰਕੇਤ ਹੈ।

ਜੋ ਮੇਰੇ ਸੰਗ ਹੈ, ਉਸ ਨੂੰ ਲੱਭਣ ਕਿੱਥੇ ਜਾਵਾਂ ? ਲੱਭੀਦਾ ਤਾਂ ਉਸ ਨੂੰ ਹੈ, ਜੋ ਆਪਣੇ ਤੋਂ ਵੱਖ ਹੋਵੇ, ਜੋ ਦੂਰ ਹੋਵੇ, ਜੁਦਾ ਹੋਵੇ, ਉਸਨੂੰ ਲੱਭਣ ਦੀ ਲੋੜ ਹੁੰਦੀ ਹੈ।

ਹੱਥ ਸਰੀਰ ਦਾ ਅੰਗ ਹੈ। ਜੇ ਹੱਥ ਸਰੀਰ ਦਾ ਅੰਗ ਹੈ ਤਾਂ ਇਹ ਵੀ ਸੱਚ ਹੈ ਕਿ ਸਰੀਰ ਇਸਦੇ ਸੰਗ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਹੱਥ ਸਰੀਰ ਦਾ ਅੰਗ ਹੋਵੇ ਪਰ ਸਰੀਰ ਇਸਦੇ ਸੰਗ ਨਾ ਹੋਵੇ ? ਕੀ ਹੱਥ ਸਰੀਰ ਨੂੰ ਜੰਗਲਾਂ ਚੋਂ ਲੱਭਣ ਜਾਏਗਾ ਜਾਂ ਕਿਸੇ ਗੁਫਾ ਜਾਂ ਪਹਾੜਾਂ ਦੀਆਂ ਟੀਸੀਆਂ ਤੋਂ ਲੱਭੇਗਾ ? ਨਹੀਂ ਨਹੀਂ ! ਹੱਥ ਦਾ ਇਹ ਅਨੁਭਵ ਹੈ ਕਿ ਮੈਂ ਸਰੀਰ ਦਾ ਅੰਗ ਹਾਂ ਤੇ ਉਹ ਸਰੀਰ ਮੇਰੇ ਸੰਗ ਹੈ। ਜਿਸਦੇ ਅੰਗ ਹੋਈਏ ਉਸਨੂੰ ਲੱਭੀਦਾ ਨਹੀਂ। ਉਸਦੇ ਅੰਗ ਹੋਣ ਦਾ ਅਨੁਭਵ ਹੀ ਉਸਦੇ ਸੰਗ ਹੋਣ ਨੂੰ ਪ੍ਰਗਟ ਕਰ ਦੇਂਦਾ ਹੈ ਤੇ ਇਸ ਅਨੁਭਵਤਾ ਕਾਰਨ ਹੀ ਸਮਾਈ ਹੋ ਜਾਂਦੀ ਹੈ।

ਗੁਣ ਇਸ ਲਈ ਗਾਏ ਜਾਂਦੇ ਹਨ, ਸਿਫਤ ਸਾਲਾਹ ਇਸ ਲਈ ਕੀਤੀ ਜਾਂਦੀ ਹੈ ਕਿ ਇਹ ਅਨੁਭਵ ਬਣਿਆ ਰਹੇ ਕਿ ਜਿਸਦੀ ਮੈਂ ਸਿਫਤ ਸਾਲਾਹ ਕਰ ਰਿਹਾ ਹਾਂ ਉਹ ਮੇਰੇ ਸੰਗ ਹੈ, ਕਿਧਰੇ ਮੈਂ ਵਿਸਰ ਨਾ ਜਾਵਾਂ ਤੇ ਜਿਉਂ ਜਿਉਂ ਇਹ ਗੁਣ ਗਾਈ ਜਾਂਦਾ ਹੈ, ਇਸਨੂੰ ਆਪਣੇ ਮੂਲ (ਜੋ ਪਰਮਾਤਮਾ ਹੈ) ਦੀ ਪਹਿਚਾਣ ਹੋਣ ਲੱਗ ਜਾਂਦੀ ਹੈ। ਸੱਚ ਆਖਾਂ, ਕੇਵਲ ਅਨੁਭਵ ਤੇ ਪਹਿਚਾਣ ਹੀ ਨਹੀਂ ਹੁੰਦੀ ਸਗੋਂ ਉਸ ਵਿੱਚ ਸਮਾਈ ਹੋ ਜਾਂਦੀ ਹੈ। ਗੁਰਦੇਵ ਜੀ ਦੇ ਬਚਨ ਹਨ –

ਮਨ ਤੂੰ ਜੋਤਿ ਸਰੂਪ ਹੈ
ਆਪਣਾ ਮੂਲ ਪਛਾਣ।। (ਪੰਨਾ ੪੪੧)

ਜਿਉਂ ਜਿਉਂ ਇਸਨੂੰ ਆਪਣੇ ਮੂਲ ਦੀ ਪਹਿਚਾਣ ਹੋਣ ਲੱਗ ਪਵੇ ਤਿਉਂ ਤਿਉਂ ਇਸਦੇ ਅੰਦਰ "ਜੋਤ ਸਰੂਪ" ਦਾ ਅਨੁਭਵ ਪ੍ਰਗਟ ਹੋਣ ਲੱਗ ਜਾਂਦਾ ਹੈ ਤੇ ਵਧਦੀ ਅਨੁਭਵਤਾ "ਜੋਤ ਸਰੂਪ" ਹੋਣ ਦੀ ਦ੍ਰਿੜ੍ਹਤਾ ਤੇ ਵਿਸ਼ਵਾਸ਼ ਪ੍ਰਪੱਕ ਕਰ ਦੇਂਦੀ ਹੈ।

ਇਕ ਗੱਲ ਹੋਰ, ਇਹ ਆਪੇ ਦੀ ਪਹਿਚਾਣ ਤੇ ਇਸ ਦੀ ਅਨੁਭਵਤਾ ਗੁਰਪ੍ਰਸਾਦਿ ਵਰਤ ਜਾਣ ਤੇ ਹੀ ਪ੍ਰਾਪਤ ਹੋ ਸਕਦੀ ਹੈ। ਪ੍ਰਭੂ ਪ੍ਰਸੰਨਤਾ ਦੀ ਇਹ ਦਾਤ, ਇਸ ਦੇ ਅੰਦਰ ਲੁਕਿਆ ਸਦੀਵੀ ਅਨੰਦ, ਇਹ ਨਿਹਚਲ ਸੁੱਖ ਕੇਵਲ ਪ੍ਰਭੂ ਦੀ ਸਿਫਤ ਸਾਲਾਹ ਤੋਂ ਹੀ ਪ੍ਰਾਪਤ ਹੋ ਸਕਦਾ ਹੈ। ਜਿਸ ਦੀ ਜੀਵ ਵਡਿਆਈ ਕਰ ਰਿਹਾ ਹੈ, ਉਸ ਦੀ ਸਿਫਤ ਸਾਲਾਹ ਕਰੀ ਜਾਏ, ਉਸਦਾ ਅੰਤ ਪਾਉਣਾ ਨਾ ਲੋਚੇ ਤਾਂ ਗੁਰਦੇਵ ਇਸਨੂੰ ਆਪਣੇ ਵਿੱਚ ਸਮਾ ਲੈਂਦੇ ਹਨ ਤੇ ਨਿਹਚਲ ਸੁੱਖ ਨੂੰ ਜੀਵ ਪ੍ਰਾਪਤ ਹੋ ਜਾਂਦਾ ਹੈ। ਸਤਿਗੁਰੂ ਕਹਿੰਦੇ ਹਨ –

ਧਿਆਇ ਧਿਆਇ ਭਗਤਹ ਸੁਖੁ ਪਾਇਆ।।
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ।।
(ਪੰਨਾ ੨੮੪)

ਜਿਸਦੇ ਵਿੱਚ ਕੋਈ ਸਮਾ ਜਾਏ ਉਸਦਾ ਅੰਤ ਉਹ ਪ੍ਰਾਣੀ ਕਿਵੇਂ ਪਾ ਸਕਦਾ ਹੈ ? ਉਥੇ ਤਾਂ ਉਸ ਪ੍ਰਾਣੀ ਦੀ ਹੋਂਦ ਹੀ ਮਿਟ ਜਾਂਦੀ ਹੈ, ਉਹ ਹੁੰਦਾ ਹੀ ਨਹੀਂ ਤੇ ਅੰਤ ਕੌਣ ਪਾਏ ?

ਅਸੀਂ ਕਈ ਵਾਰ ਇਨ੍ਹਾਂ ਦੋਹਾਂ ਅੱਖਰਾਂ ਦਾ ਸੁਮੇਲ ਕਰ ਕੇ ਕਹਿ ਦਿੰਦੇ ਹਾਂ ਕਿ ਉਹ ਮੇਰੇ "ਅੰਗ ਸੰਗ" ਹੈ, ਇਨ੍ਹਾਂ ਦੋਹਾਂ ਅੱਖਰਾਂ ਵਿੱਚ ਇੱਕ ਬੜਾ ਹੀ ਪਿਆਰਾ ਜੋੜ ਹੈ, ਮਿਲਾਪ ਹੈ। ਇਸ ਦੀ ਅਨੁਭਵਤਾ ਬੜੀ ਸੁਖਦਾਈ ਹੈ। ਇਥੇ ਦੂਰੀ ਨਹੀਂ ਹੁੰਦੀ। ਦੂਰੀ ਤਾਂ ਵਿਛੋੜਾ ਹੈ ਤੇ ਵਿਛੋੜੇ ਵਿੱਚ ਦੁੱਖ ਹੁੰਦਾ ਹੈ।

ਵੇਖਿਆ ਜੇ ? ਹੱਥ ਸਰੀਰ ਦਾ ਅੰਗ ਹਨ। ਇਹ ਸੰਗੀ ਸਰੀਰ ਦੀ ਸੇਵਾ ਵੀ ਕਰਦੇ ਹਨ। ਜ਼ਰਾ ਮੱਥੇ ਪੀੜਾ



www.AKJ.Org

ਹੋਵੇ ਹੱਥ ਘੁੱਟਣ ਲੱਗ ਜਾਂਦੇ ਹਨ। ਜੇ ਹੱਥ ਸਰੀਰ ਨੂੰ ਸੰਗ ਸਮਝ ਕੇ ਅਨੁਭਵ ਕਰੀ ਬੈਠੇ ਹਨ ਕਿ ਅਸੀਂ ਇਸਦੇ ਅੰਗ ਹਾਂ ਤਾਂ ਜੀਵਨ ਵਿੱਚ ਹੱਥਾਂ ਅਤੇ ਸਰੀਰ ਦਾ ਮੇਲ ਬਣਿਆ ਰਹੇਗਾ। ਸਮੇਂ ਸਮੇਂ ਸਰੀਰ ਦਾ ਬਲ ਵੀ ਹੱਥ ਨੂੰ ਮਿਲਦਾ ਰਹੇਗਾ ਤੇ ਇਸੇ ਸਾਂਝ ਸਦਕਾ ਹੱਥ ਦੀ ਹੋਂਦ ਸਰੀਰ ਲਈ ਤੇ ਸਰੀਰ ਦੀ ਹੋਂਦ ਹੱਥ ਲਈ ਬਣੀ ਰਹੇਗੀ। ਐਨ ਇਸੇ ਪ੍ਰਕਾਰ ਜੇ ਮੇਰੇ ਅੰਦਰ ਇਹ ਅਨੁਭਵ ਬਣਿਆ ਰਹੇ ਕਿ ਮੈਂ ਪਰਮਾਤਮਾ ਦਾ ਅੰਗ ਹਾਂ ਤਾਂ ਨਿਸ਼ਚਿਤ ਤੌਰ ਤੇ ਪਰਮਾਤਮਾ ਮੇਰੇ ਸੰਗ ਹੈ।

ਜਿਵੇਂ ਜਿਵੇਂ ਜੀਵ ਦੇ ਅੰਦਰ ਆਪਣੇ ਪ੍ਰਭੂ ਦੇ ਅੰਗ ਹੋਣ ਦੀ ਅਨੁਭਵਤਾ ਵਧਦੀ ਜਾਂਦੀ ਹੈ, ਤਿਵੇਂ ਤਿਵੇਂ ਪ੍ਰਭੂ ਦੀ ਮਿੱਠੀ ਯਾਦ ਦੁਆਰਾ, ਸਿਫਤ ਸਾਲਾਹ ਦੁਆਰਾ, ਗੁਣ ਗਾ ਗਾ ਕੇ ਇਸ ਦੇ ਅੰਦਰ ਉਸ ਪਰਮਾਤਮਾ ਦਾ ਅਦੁਤੀ ਬਲ ਪ੍ਰਗਟ ਹੋਣ ਲੱਗ ਜਾਂਦਾ ਹੈ, ਇਹ ਤਿਉਂ ਤਿਉਂ ਆਤਮਕ ਹੁਲਾਰਿਆਂ ਦੀ ਬਖਸ਼ਿਸ਼ ਦਾ ਆਨੰਦ ਮਾਣਨ ਲੱਗ ਜਾਂਦਾ ਹੈ, ਆਤਮਕ ਬਲ ਨੂੰ ਪ੍ਰਾਪਤ ਹੋ ਜਾਂਦਾ ਹੈ, ਆਤਮਕ ਮੌਤ ਤੋਂ ਬੱਚ ਜਾਂਦਾ ਹੈ। ਹੁਣ ਮਾਇਆ ਕਿਸੇ ਰੂਪ ਵਿੱਚ ਵੀ ਇਸਨੂੰ ਭਰਮਾ ਨਹੀਂ ਸਕਦੀ, ਇਹ ਤਾਂ ਹੁਣ ਦਾਸੀ ਬਣ ਕੇ ਸੇਵਾ ਕਰਦੀ ਹੈ। ਇਹ ਵਿਸਮਾਦ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਬਸ 'ਉਹੀ' 'ਉਹੀ' ਹੁੰਦਾ ਰਹਿੰਦਾ ਹੈ ਤੇ ਉਸ ਤੋਂ ਵੱਖਰੀ ਕੋਈ ਹੋਰ ਪਹਿਚਾਨ ਨਹੀਂ ਮੰਨਦਾ। ਇਹ ਅੰਗ (ਆਤਮਾ) ਉਸ (ਪਰਮੇਸ਼ਵਰ) ਦੇ ਸੰਗ ਜੁੜੀ ਰਹਿੰਦੀ ਹੈ। ਹੁਣ ਤਾਂ ਐਸੀ ਅਵਸਥਾ ਹੁੰਦੀ ਹੈ ਕਿ ਜੇ ਮੈਂ ਬੋਲ ਰਿਹਾ ਹਾਂ ਤਾਂ ਉਸਦੇ ਸੰਗ ਦੇ ਬਰਕਤ ਕਰ ਕੇ ਹੀ। ਕੇਵਲ ਹੁਣ ਹੀ ਕਿਉਂ ? ਮਾਤਾ ਦੇ ਗਰਭ ਵਿੱਚ ਭੀ ਬਣੀ ਹੋਂਦ ਉਸ ਪਰਮਾਤਮਾ ਦੇ ਸੰਗ ਕਰਕੇ ਹੀ ਸੀ।

ਮਾਤ ਗਰਭ ਮਹਿ ਆਪਨ ਸਿਮਰਨੁ ਦੇ
ਤਹ ਤੁਮ ਰਾਖਨਹਾਰੇ।। (ਪੰਨਾ ੬੧੩)

ਕੇਵਲ ਮਾਤਾ ਦੇ ਗਰਭ ਵਿਚ ਹੀ ਉਸ ਰੱਖਣਹਾਰੇ ਦੇ ਸੰਗਿ ਕਰਕੇ ਤੇਰੀ ਰੱਖਿਆ ਨਹੀਂ ਹੋਈ ਸਗੋਂ ਹੁਣ ਵੀ ਤੇਰੀ ਹੋਂਦ ਉਸ ਦੇ ਸੰਗ ਹੋਣ ਦਾ ਹੀ ਸਿੱਟਾ ਹੈ।

ਪਰ ਭੁਲੇਖੇ ਤੇ ਭਰਮਾਂ ਮਾਰਿਆ ਮਨੁੱਖ ਅੰਗ ਹੋਣ ਦੇ ਬਾਵਜੂਦ ਵੀ, ਜੋ ਸੰਗਿ ਹੈ ਉਸਦੀ ਅਨੁਭਵਤਾ ਨੂੰ ਭੁਲਾ ਕੇ ਪਰਮਾਤਮਾ ਨੂੰ ਜੋ ਅੰਗ ਸੰਗਿ ਸੀ ਉਸਨੂੰ ਲੱਭਣ ਲਈ ਦੂਰ, ਬਾਹਰ ਬਹੁਤ ਦੂਰ ਚਲਾ ਗਿਆ, ਭਟਕ ਗਿਆ ਤੇ ਇਸੇ ਭਟਕਣਾ ਵਿੱਚ ਉਸਨੇ ਜੀਵਨ ਤਾਂ ਗੁਜਾਰ ਲਿਆ ਪਰ ਆਪਣੇ ਆਪ ਨੂੰ ਉਸ ਪਰਮੇਸ਼ਵਰ ਦੇ ਸੰਗਿ ਹੋਣ ਦਾ ਅਨੁਭਵ ਪ੍ਰਾਪਤ ਨਾ ਕਰ ਸਕਿਆ।

ਇਕ ਗੱਲ ਹੋਰ, ਜਿਸਦਾ ਮੈਂ ਅੰਗ ਹਾਂ, ਉਸ ਦਾ ਸੁਭਾਉ ਤੇ ਮੇਰਾ ਸੁਭਾਉ ਵੀ ਇਕੋ ਹੋਵੇਗਾ। ਜਿਸ ਪਰਮਾਤਮਾ ਦਾ ਮੈਂ ਅੰਸ਼ ਹਾਂ ਤਾਂ ਮੇਰਾ ਸੁਭਾਉ ਪਰਮਾਤਮਾ ਦੇ ਸੁਭਾਉ ਤੋਂ ਵੱਖ ਕਿਵੇਂ ਹੋ ਸਕਦਾ ਹੈ ? ਜਿਸ ਸਰੀਰ ਦਾ ਮੈਂ ਅੰਗ ਹਾਂ ਕੀ ਉਸਦਾ ਸੁਭਾਉਂ ਤੇ ਮੇਰਾ ਸੁਭਾਉ ਵੱਖ ਵੱਖ ਹੋਵੇਗਾ ? ਪਰਮਾਤਮਾ ਦਾ ਧਰਮ ਪਰਮਾਤਮਾ ਦਾ ਸੁਭਾਉ ਹੈ ਤੇ ਪਰਮਾਤਮਾ ਦਾ ਸੁਭਾਉ ਹੀ ਪਰਮਾਤਮਾ ਦਾ ਧਰਮ। ਜਿਨ੍ਹਾਂ ਨੇ ਪਰਮਾਤਮਾ ਨੂੰ ਸੰਗਿ ਸਮਝਿਆ ਹੈ, ਉਨ੍ਹਾਂ ਦਾ ਸੁਭਾਉ ਪਰਮਾਤਮਾ ਤੋਂ ਅਲੱਗ ਕਿਵੇਂ ਹੋ ਸਕਦਾ ਹੈ ? ਪ੍ਰਭੂ ਦਇਆਲੂ ਹਨ, ਦਇਆਵਾਨ ਹਨ। ਜਿਹੜੇ ਉਸ ਦੀ ਅੰਸ਼ ਹਨ, ਜਿਨ੍ਹਾਂ ਨੇ ਇਸ ਰਿਸ਼ਤੇ ਦਾ ਅਨੁਭਵ ਕੀਤਾ ਹੋਇਆ ਹੈ, ਨਿਰਸੰਦੇਹ ਉਹ ਵੀ ਦਇਆਵਾਨ, ਦੁਖੀਆਂ ਦੀ ਸਹਾਇਤਾ ਕਰਨ ਵਾਲੇ ਹੋਣਗੇ। ਪਰਮਾਤਮਾ ਦਾ ਸੁਭਾਉ ਨਿਰਵੈਰ ਸਰੂਪ ਹੈ ਤਾਂ ਧਰਮੀਆਂ ਦਾ ਸੁਭਾਉ ਇਸਦੇ ਵਿਪਰੀਤ ਨਹੀਂ ਹੋ ਸਕਦਾ। ਤਾਂ ਤੇ ਪਰਮਾਤਮਾ ਦੀ ਮੌਜ ਵਿੱਚ ਸੱਜੇ (ਪ੍ਰਗਟੇ) ਖਾਲਸੇ ਦਾ ਸੁਭਾਉ ਵੀ ਪਰਮਾਤਮਾ ਤੋਂ ਅਲੱਗ ਕਿਵੇਂ ਹੋਵੇਗਾ ? ਪਰਮਾਤਮਾ ਤੇ ਪਰਮਾਤਮ ਦੀ ਮੌਜ ਇੱਕ ਹੀ ਹੋਵੇਗੀ। ਹੋਵੇ ਖਾਲਸਾ, ਪਰਮਾਤਮ ਦਾ ਅੰਗ ਜਿਸ ਨੂੰ ਪਰਮਾਤਮਾ ਦੇ ਸੰਗ ਦੀ ਅਨੁਭਵਤਾ ਵੀ ਹੋਵੇ ਤੇ ਇਸ ਅਨੁਭਵਤਾ ਵਿੱਚ ਪਰਮਾਤਮਾ ਵਿੱਚ ਸਮਾਈ ਵੀ ਪਰ ਫਿਰ ਵੀ ਉਸਦਾ ਸੁਭਾਅ ਵੱਖਰਾ ਹੋਵੇ, ਕੀ ਕਹੀਏ ? ਇਹ ਗੱਲ ਸ਼ਾਇਦ ਕੁੱਝ ਗਿਆਨੀਆਂ ਦੀ ਦਲੀਲ ਤੇ ਠੀਕ ਨਾ ਉਤਰੇ। "ਪੜਣਾ ਗੁੜਣਾ ਸੰਸਾਰ ਕੀ ਕਾਰ ਹੈ" (ਪੰਨਾ ੬੫੦) ਪੜ੍ਹਨਾ ਚੰਗਾ ਹੈ। ਵਿਦਿਆ ਚੰਗਾ ਗੁਣ ਹੈ ਪਰ ਜਿਸ ਵਿਦਿਆ ਤੇ ਗਿਆਨ ਵਿੱਚ ਧਰਮ ਦੀ ਕਲਾ ਵਰਤ ਜਾਏ, ਉਹ ਵਿਦਿਆ ਤਾਂ ਪਰਉਪਕਾਰੀ ਹੋਵੇਗੀ।

ਕਈ ਰੱਬ ਦੀ ਹੋਂਦ ਦੀ ਗੱਲ ਕਰਦੇ ਨੇ। ਜਿਨ੍ਹਾਂ ਨੇ ਐਸਾ ਅਨੁਭਵ ਕਰ ਲਿਆ ਹੈ ਕਿ ਉਹ ਪਰਮਾਤਮਾ ਦੀ ਅੰਸ਼, ਪਰਮਾਤਮਾ ਦਾ ਅੰਗ ਹਨ ਉਨ੍ਹਾਂ ਨੂੰ ਕੋਈ ਭੁਲੇਖਾ ਤੇ ਭਰਮ ਨਹੀਂ। ਭਰਮ ਤਾਂ ਕੇਵਲ ਉਨ੍ਹਾਂ ਨੂੰ ਹੈ ਜਿਹੜੇ ਅੰਗ ਹੁੰਦਿਆਂ ਹੋਇਆਂ ਵੀ ਸੰਗਿ ਮੰਨਣ ਨੂੰ ਤਿਆਰ ਨਹੀਂ ਹਨ। ਜਿਨ੍ਹਾਂ ਨੂੰ ਸੰਗ ਦੀ ਪਹਿਚਾਣ ਨਹੀਂ, ਅਨੁਭਵਤਾ ਨਹੀਂ ਉਹ ਰੱਬ ਦੀ ਹੋਂਦ ਦਾ ਸਬੂਤ ਮੰਗਦੇ ਹਨ। ਪਿਆਰਿਓ ! ਅਸੀਂ ਸਭ ਜੀਵ ਜੰਤ, ਧਰਤੀ, ਆਕਾਸ਼ ਰੱਬ ਦਾ ਸਬੂਤ ਹੀ ਤਾਂ ਹਾਂ। ਇਸ ਤੋਂ ਵੱਡਾ ਕੋਈ ਹੋਰ ਸਬੂਤ ਵੀ ਚਾਹੀਦਾ ਹੈ ? ਸਾਡੀ ਸਭ ਦੀ ਹੋਂਦ ਹੀ ਰੱਬ ਦੀ ਹੋਂਦ ਦਾ ਸਬੂਤ ਹੈ। ਜੇ ਉਹ ਨਾ ਹੁੰਦਾ ਜਿਸਦੇ ਅਸੀਂ ਅੰਗ ਹਾਂ ਤਾਂ ਸਾਡਾ ਵਜੂਦ ਨਹੀਂ ਸੀ ਹੋਣਾ। ਅੰਗ ਦਾ ਹੋਣਾ ਹੀ ਇਸ ਗੱਲ ਦੀ ਪੁਸ਼ਟੀ ਹੈ ਕਿ ਮੈਂ


www.AKJ.Org

ਕਿਸੇ ਹੋਂਦ ਦਾ ਅੰਗ ਹਾਂ। ਭਗਤ ਨਾਮਦੇਵ ਜੀ ਕਹਿੰਦੇ ਹਨ–

ਪਹਿਲ ਪੁਰਸਾਬਿਰਾ।। ਅਥੋਨ ਪੁਰਸਾਦਮਰਾ।।

(ਪੰਨਾ ੬੯੩)

ਪਹਿਲੇ ਪੁਰਸ਼ ਆਪ ਪਰਮਾਤਮਾ ਹੋਏ ਤੇ ਉਸ ਤੋਂ ਪਿਛੋਂ ਉਨ੍ਹਾਂ ਨੇ ਮਾਇਆ ਰਚੀ ਜਾਂ ਮਾਇਆ ਦੀ ਰਚਨਾ ਉਸ ਤੋਂ ਬਾਅਦ ਹੋਈ। ਦੋਹਾਂ ਦੇ ਮੇਲ ਤੋਂ ਸੰਸਾਰ ਪ੍ਰਗਟ ਹੋ ਗਿਆ ਤੇ ਸੰਸਾਰ ਦਾ ਰਚਣਾ ਖੂਹ ਦੀਆਂ ਟਿੰਡਾਂ ਦੀ ਨਿਆਈ ਹੋ ਗਿਆ। ਜਿਵੇਂ ਖੂਹ ਦੀਆਂ ਟਿੰਡਾਂ ਕੋਈ ਭਰ ਰਹੀ ਹੈ, ਕੋਈ ਖਾਲੀ ਹੋ ਰਹੀ ਹੈ ਤੇ ਕੋਈ ਫਿਰ ਭਰਨ ਜਾ ਰਹੀ ਹੈ। ਇਸ ਤਰ੍ਹਾਂ ਹੀ ਇਥੇ ਕੋਈ ਜਨਮ ਲੈ ਰਿਹਾ ਹੈ, ਕੋਈ ਜੀਅ ਰਿਹਾ ਹੈ ਤੇ ਕੋਈ ਮਰ ਰਿਹਾ ਹੈ। ਪਰਮਾਤਮਾ ਦੀ ਹੋਂਦ ਜਾਨਣ ਲਈ ਉਸਦੀ ਰਚਨਾ ਨੂੰ ਪਹਿਚਾਨਣਾ ਹੋਵੇਗਾ। ਜੀਵਨ ਨੂੰ ਸਮਝਣ ਲਈ ਮੌਤ ਦੀ ਪਹਿਚਾਣ ਕਰਨੀ ਹੋਵੇਗੀ। ਜੀਵਨ ਦੀ ਸਮਝ ਆਪੇ ਹੀ ਆ ਜਾਵੇਗੀ ਤੇ ਜੇ ਮੈਂ ਇਹ ਵੀ ਕਹਿ ਦਿਆਂ ਕਿ ਸਤਿਗੁਰੂ ! ਤੇਰੇ ਸਿੱਖ ਦੀ ਕੋਈ ਪਹਿਚਾਨ ਕਰ ਲਵੇ, ਤੇਰੇ ਦੀਦਾਰ ਹੋ ਸਕਦੇ ਹਨ। ਖਾਲਸੇ ਦੀ ਪਹਿਚਾਨ ਹੀ ਗੁਰੂ ਦੀ ਪਹਿਚਾਨ ਹੋ ਜਾਵੇਗੀ।

ਗੁਰਸਿੱਖਾਂ ਦੀ ਪਹਿਚਾਨ ਬੜੀ ਔਖੀ ਹੈ। ਗੁਰਸਿੱਖਾਂ ਦੀ ਪਹਿਚਾਨ ਹੋਣ ਨਾਲ ਸਤਿਗੁਰੂ ਜੀ ਦੀ ਪਹਿਚਾਨ ਹੋ ਜਾਵੇਗੀ। ਇਹ ਗੱਲ ਸੰਸਾਰਕ ਵਿਦਿਆ ਦੇ ਧਾਰਨੀ ਦੀ ਸਮਝ ਵਿੱਚ ਨਹੀਂ ਉਤਰੇਗੀ। ਉਹ ਇਸਨੂੰ ਅੰਦਰੋਂ ਮੰਨਣ ਲਈ ਤਿਆਰ ਨਹੀਂ। ਗੁਰਸਿੱਖਾਂ ਦੀ ਪਹਿਚਾਨ ਵਿੱਚ ਗੁਰੂ ਦੀ ਪਹਿਚਾਨ ਕਿਵੇਂ ਹੈ ? ਇਸ ਸੁਆਲ ਦਾ ਉੱਤਰ ਸਤਿਗੁਰੂ ਆਪ ਦਿੰਦੇ ਹਨ –

"ਖਾਲਸਾ ਮੇਰੋ ਰੂਪ ਹੈ ਖਾਸ।।

ਖਾਲਸੇ ਮਹਿ ਹੌ ਕਰੌਂ ਨਿਵਾਸ।। (ਸਰਬ ਲੋਹ ਗ੍ਰੰਥ)

ਸਤਿਗੁਰੂ ਕਹਿੰਦੇ ਹਨ, ਮੇਰਾ ਵਾਸਾ ਖਾਲਸੇ ਵਿੱਚ ਹੈ। ਖਾਲਸੇ ਵਿੱਚ, ਗੁਰਸਿੱਖ ਵਿੱਚ ਅਭੇਦਤਾ ਦਾ ਇਹ ਗੁਣ ਕਿਵੇਂ ਆਇਆ ? ਇਨ੍ਹਾਂ ਦੀ ਪਹਿਚਾਨ ਦਾ ਧੁਰਾ ਕੀ ਹੈ ? ਗੁਰਦੇਵ ਜੀ ਕਹਿੰਦੇ ਹਨ–

ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ।

(ਪੰਨਾ ੩੧੭)

ਜਿਥੇ ਗੁਰੂ ਦਾ ਸ਼ਬਦ ਵਰਤ ਗਿਆ, ਉਥੇ ਗੁਰੂ ਦੀ ਸੋਚ ਵਰਤ ਗਈ। ਗੁਰੂ ਦੀ ਪਹਿਚਾਨ ਗੁਰ ਸ਼ਬਦ ਹੈ ਤੇ ਗੁਰਸ਼ਬਦ ਦੀ ਸੋਚ, ਬ੍ਰਹਮ ਦੀ ਸੋਚ, ਇਹ ਬ੍ਰਹਮ ਵੀਚਾਰ ਹੈ। ਇਹ ਰੱਬ ਦੀ ਆਪਣੀ ਸੋਚ, ਪਰਮਾਤਮਾ ਦੀ ਆਪਣੀ ਸੋਚ ਹੈ। ਜੇ ਇਹ ਠੀਕ ਹੈ ਤਾਂ ਇਹ ਵੀ ਗੱਲ ਪੱਕੀ ਹੈ ਕਿ ਰਚਨਹਾਰ ਨੂੰ ਸਮਝਣ ਲਈ ਉਸਦੀ ਰਚਨਾ ਦੀ ਪਹਿਚਾਨ ਕਰਨੀ ਪਵੇਗੀ। ਕਾਦਰ ਨੂੰ ਸਮਝਣ ਲਈ ਉਸ ਦੀ ਕੁਦਰਤ ਨੂੰ ਸਮਝਣਾ ਹੋਵੇਗਾ। ਕਰਤੇ ਨੂੰ ਸਮਝਣ ਲਈ ਕ੍ਰਿਤਮ ਨੂੰ ਸਮਝਣਾ ਹੋਵੇਗਾ। ਪ੍ਰਮਾਣ ਲਈ, ਤੁਸਾਂ ਆਟੋਮੈਟਿਕ ਘੜੀ ਤੱਕੀ ਹੈ ? ਬੜੀ ਸੋਹਣੀ ਹੈ। ਇਹ ਅਸਾਂ ਨਹੀਂ ਬਣਾਈ ਤੇ ਇਹ ਆਪਣੇ ਆਪ ਵੀ ਨਹੀਂ ਬਣ ਗਈ। ਹਾਂ, ਕਿਸੇ ਨੇ ਘੜੀ ਬਣਾਈ ਜ਼ਰੂਰ ਹੈ। ਜੇ ਕੋਈ ਕਹੇ ਕਿ ਘੜੀ ਬਣਾਉਣ ਵਾਲਾ ਹੀ ਕੋਈ ਨਹੀਂ ਤਾਂ ਨਿਸਚੇ ਹੀ ਇਹ ਠੀਕ ਨਹੀਂ। ਇਸੇ ਤਰ੍ਹਾਂ ਬਿਲਡਿੰਗ ਵੇਖ ਕੇ ਬਿਲਡਿੰਗ ਬਣਾਉਣ ਵਾਲੇ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਜੇ ਮਕਾਨ ਬਣਿਆ ਵੇਖ ਕੇ ਮਕਾਨ ਦੇ ਬਣਾਉਣ ਵਾਲੇ ਤੋਂ ਮੁਨਕਰ ਨਹੀਂ ਹੋ ਸਕਦੇ, ਜੇ ਘੜੀ ਵੇਖ ਕੇ ਘੜੀ ਬਣਾਉਣ ਵਾਲੇ ਤੋਂ ਮੁਨਕਰ ਨਹੀਂ ਹੋ ਸਕਦੇ ਤਾਂ ਇਸ ਸੰਸਾਰ ਰਚਨਾ ਨੂੰ ਵੇਖ ਕੇ ਜੋ ਅਸੀਂ ਤਾਂ ਨਹੀਂ ਬਣਾਈ ਤੇ ਆਪਣੇ ਆਪ ਵੀ ਨਹੀਂ ਬਣੀ ਤਾਂ ਇਸਦੇ ਸਿਰਜਣਹਾਰ, ਇਸਦੇ ਕਰਤਾ ਦੀ ਹੋਂਦ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ, ਤੇ ਸਪਸ਼ਟ ਹੋ ਗਿਆ ਕਿ ਪਹਿਲਾਂ ਬਣਾਉਣ ਵਾਲਾ ਆਇਆ। ਕਰਤਾ ਪਹਿਲਾਂ ਸੀ, ਇਹ ਸਭ ਕੁਝ ਬਾਅਦ ਵਿਚ ਬਣਿਆ।

ਸਕਿੰਟ, ਮਿੰਟ ਦੇ ਅਧੀਨ ਹਨ, ਮਿੰਟ ਘੰਟਿਆਂ ਦੇ ਅਧੀਨ, ਘੰਟੇ ਪਹਿਰ ਦੇ ਅਧੀਨ, ਪਹਿਰ ਦਿਨ ਦੇ ਅਧੀਨ, ਦਿਨ ਹਫਤਿਆਂ ਦੇ ਅਧੀਨ, ਹਫਤੇ ਮਹੀਨਿਆਂ ਦੇ ਅਧੀਨ, ਮਹੀਨੇ ਸਾਲ ਦੇ ਅਧੀਨ ! ਸਮਾਂ ਕਿਸੇ ਦੇ ਅਧੀਨ ਚੱਲਦਾ ਆ ਰਿਹਾ ਹੈ। ਸਾਰੇ ਸਮੇਂ ਖਤਮ ਹੋ ਜਾਣਗੇ, ਮੁੱਕ ਜਾਣਗੇ। ਇੱਕ ਸਮਾਂ ਐਸਾ ਹੋਵੇਗਾ ਜੋ ਉਸ ਸਮੇਂ ਦੇ ਅਧੀਨ ਹੈ ਜਿਸਨੂੰ ਸਤਿਗੁਰੂ ਜੀ ਨੇ ਕਾਲ ਕਹਿ ਦਿੱਤਾ। ਕਾਲ ਦਾ ਅਰਥ ਹੈ ਸਮਾਂ। ਕਈ ਵਾਰ ਸੋਚਦਾ ਹਾਂ ਕਿ ਸਾਰੇ ਸਮੇਂ ਕਾਲ ਦੇ ਅਧੀਨ ਹਨ ਤਾਂ ਉਹ ਸਮਾਂ ਕੈਸਾ ਹੋਵੇਗਾ ਜਿਥੇ ਸਾਰੇ ਸਮੇਂ ਮਰ ਜਾਣ, ਮੁੱਕ ਜਾਣ। ਪਰ ਇਹ ਨਾ ਮੁਕੇ, ਨਾ ਮਰੇ। ਉਸਨੂੰ ਅਕਾਲ ਕਹਿੰਦੇ ਹਨ। ਮਨੁੱਖ ਦੀ ਸੋਚ ਉਡਾਰੀ ਵਿੱਚ ਆਏ ਸਾਰੇ ਸਮੇਂ ਇਸ ਅਕਾਲ ਦੇ ਅਧੀਨ ਹਨ। ਇਹ ਨਾ ਜੰਮਦਾ ਹੈ ਨਾ ਮਰਦਾ ਹੈ। ਹੁਣ ਇਸਨੂੰ, ਜਿਸਨੂੰ ਅਕਾਲ ਕਿਹਾ ਜਾਂਦਾ ਹੈ, ਉਸ ਨੂੰ ਚਲਾਉਣ ਵਾਲਾ ਜੋ ਹਰ ਸਮੇਂ ਹਰ ਕਾਲ ਵਿੱਚ ਹੈ ਉਸਨੂੰ ਅਕਾਲ ਪੁਰਖ ਕਹਿੰਦੇ ਹਨ, ਜੋ ਸਰਬ ਸ਼ਕਤੀਮਾਨ ਹੈ ਤੇ ਸਾਰੇ ਸਮੇਂ ਜਿਸਦੇ ਅਧੀਨ ਹਨ।

(ਬਾਕੀ ਪੰਨਾ ੧੨ ਤੇ.......)



www.AKJ.Org

# ਨਾਮ-ਬਾਣੀ ਦਾ ਅਸਰ

(ਭਾਈ ਸੇਵਾ ਸਿੰਘ, ਰਾਮਪੁਰ ਖੇੜਾ)

ਅਵਤਾਰ ਸਿੰਘ ਜੋ ਬਾਬਾ ਹਰਨਾਮ ਸਿੰਘ ਜੀ ਦੇ ਪਰਵਾਰਿਕ ਰਿਸ਼ਤਿਆਂ ਵਿੱਚੋਂ ਭਤੀਜਾ ਲੱਗਦਾ ਸੀ, ਚੜ੍ਹਦੀ ਉਮਰ ਵਿੱਚ ਬਹੁਤ ਬੀਮਾਰ ਪੈ ਗਿਆ। ਗਠੀਏ ਦੀ ਤਕਲੀਫ਼ ਹੋ ਗਈ। ਸਾਰਾ ਸਰੀਰ ਜੁੜ ਗਿਆ। ਦਰਦ ਨਾਲ ਦਿਨ ਰਾਤ ਹਾਇ ਹਾਇ ਕਰ ਕੇ ਬਿਤਾਉਂਦਾ ਸੀ। ਸਰੀਰ ਵਿੱਚ ਹਰ ਵੇਲੇ ਸੜਨ ਜਿਹੀ ਲੱਗੀ ਰਹਿੰਦੀ ਸੀ।

ਰੋਜ਼ ਹਰ ਵੇਲੇ ਦੀ ਹਾਇ-ਹਾਇ ਦੀ ਆਵਾਜ਼ ਨੇ ਮਾਪਿਆਂ ਨੂੰ ਵੀ ਅਕਾ ਦਿੱਤਾ ਅਤੇ ਅਵਤਾਰ ਸਿੰਘ ਦੇ ਸਹੁਰੇ ਉਸ ਨੂੰ ਆਪਣੇ ਘਰ ਲੈ ਗਏ। ਆਯੁਰਵੈਦਿਕ ਅਤੇ ਐਲੋਪੈਥਿਕ ਸਾਰੇ ਇਲਾਜ ਕਰਵਾਏ ਪਰ ਭੋਰਾ ਜਿੰਨਾ ਵੀ ਫ਼ਰਕ ਨਾ ਪਿਆ, ਸਗੋਂ ਤਕਲੀਫ਼ ਵਧਦੀ ਗਈ, ਜਿਸ 'ਤੇ ਪਰਿਵਾਰ ਨੇ ਮਿਉ ਹਸਪਤਾਲ, ਲਾਹੌਰ ਵਿੱਚ ਦਾਖ਼ਲ ਕਰਵਾ ਦਿੱਤਾ ਪਰ ਛੇ ਮਹੀਨੇ ਦੇ ਇਲਾਜ ਉਪ੍ਰੰਤ ਵੀ ਨਿਰਾਸਤਾ ਹੀ ਪੱਲੇ ਪਈ। ਸਰੀਰ ਹੋਰ ਨਿਰਬਲ ਹੋ ਗਿਆ। ਹੁਣ ਤਾਂ -

'ਬਿਪਤਿ ਪਰੀ ਸਭ ਹੀ ਸੰਗੁ ਛਾਡਿਤ
ਕੋਊ ਨ ਆਵਤ ਨੇਰੈ।।'

(ਸੋਰਠਿ ਮ: ੯, ਪੰਨਾ ੬੩੪)

ਵਾਲੀ ਗੱਲ ਵਾਪਰੀ।

ਸਹੁਰੇ ਵੀ ਦਮ ਹਾਰ ਗਏ ਤੇ ਵਾਪਿਸ ਅਵਤਾਰ ਸਿੰਘ ਨੂੰ ਮਾਤਾ-ਪਿਤਾ ਪਾਸ ਹੀ ਛੱਡ ਗਏ।

ਬਾਬਾ ਹਰਨਾਮ ਸਿੰਘ ਜੀ ਅਨੰਦਪੁਰ ਸਾਹਿਬ ਤੋਂ ਜਦ ਵਾਪਸ 119 ਚੱਕ ਪੁੱਜੇ ਤਾਂ ਅਵਤਾਰ ਸਿੰਘ ਦੇ ਬੀਮਾਰ ਹੋਣ ਬਾਰੇ ਮਾਤਾ ਜੀ ਨੇ ਦੱਸਿਆ। ਆਪ ਜੀ ਅਵਤਾਰ ਸਿੰਘ ਦਲੇਰ ਦੀ ਖ਼ਬਰ-ਸੁਰਤ ਲੈਣ ਵਾਸਤੇ ਗਏ। ਜਿਉਂ ਹੀ ਬਾਬਾ ਜੀ ਉਸ ਦੇ ਕਮਰੇ ਵਿੱਚ ਗਏ ਜਿੱਥੇ ਕਿ ਅਵਤਾਰ ਸਿੰਘ ਬਿਮਾਰੀ ਕਾਰਨ ਕਰਾਹ ਰਿਹਾ ਸੀ, ਬਾਬਾ ਜੀ ਦੇ ਕੋਲ ਜਾਣ ਤੇ ਉਸ ਨੂੰ ਕੁੱਝ ਸ਼ਾਂਤੀ ਮਹਿਸੂਸ ਹੋਈ। ਸਰੀਰ ਕਰਕੇ ਵੀ ਉਸਨੇ ਆਪਣੇ ਆਪ ਨੂੰ ਕੁੱਝ ਠੀਕ ਮਹਿਸੂਸ ਕੀਤਾ। ਕੁਝ ਚਿਰ ਬਾਅਦ ਬਾਬਾ ਜੀ ਵਾਪਸ ਆ ਗਏ।

ਕੁੱਝ ਦਿਨਾਂ ਬਾਅਦ ਬਾਬਾ ਜੀ ਫਿਰ ਉਸ ਦਾ ਹਾਲ-ਚਾਲ ਪੁੱਛਣ ਗਏ। ਅਵਤਾਰ ਸਿੰਘ ਨੇ ਪਹਿਲੇ ਦੀ ਤਰ੍ਹਾਂ ਆਪਣੇ ਆਪ ਨੂੰ ਫਿਰ ਤਨ-ਮਨ ਕਰਕੇ ਸ਼ਾਂਤ ਮਹਿਸੂਸ ਕੀਤਾ। ਜਿੰਨਾਂ ਚਿਰ ਬਾਬਾ ਜੀ ਉਸ ਪਾਸ ਬੈਠੇ ਰਹੇ, ਅਵਤਾਰ ਸਿੰਘ ਗੱਲਾਂ-ਬਾਤਾਂ ਕਰਦੇ ਰਹੇ। ਜਦੋਂ ਬਾਬਾ ਜੀ ਚੱਲਣ ਲੱਗੇ ਤਦ ਅਵਤਾਰ ਸਿੰਘ ਨੇ ਬੇਨਤੀ ਕੀਤੀ ਕਿ ਆਪ ਜੀ ਮੇਰੇ ਤੇ ਕ੍ਰਿਪਾ ਕਰੋ। ਬਾਬਾ ਜੀ ਨੇ ਸੁੱਤੇ-ਸਿੱਧ ਉਸਨੂੰ ਕਿਹਾ ਕਿ ਹਾਇ-ਹਾਇ ਕਰਨ ਦੀ ਥਾਂ ਵਾਹਿਗੁਰੂ-ਵਾਹਿਗੁਰੂ ਕਿਹਾ ਕਰੋ ਪਰ ਅਗੋਂ ਉਸ ਨੇ ਉਤਰ ਦਿੱਤਾ ਕਿ ਹੁਣ ਮੇਰੇ ਵੱਸ ਦੀ ਗੱਲ ਨਹੀਂ, ਵਾਹਿਗੁਰੂ ਕਿਹਾ ਨਹੀਂ ਜਾਂਦਾ।

ਬਾਬਾ ਜੀ ਵਾਪਸ ਆਪਣੇ ਘਰ ਆ ਗਏ। ਅਵਤਾਰ ਸਿੰਘ ਨੇ ਆਪਣੀ ਮਾਤਾ ਨੂੰ ਕਿਹਾ ਕਿ ਜੇ ਤੁਸੀਂ ਮੈਨੂੰ ਰਾਜੀ ਕਰਨਾ ਹੈ ਤਾਂ ਚਾਚਾ ਜੀ ਨੂੰ ਕਹੋ ਕਿ ਉਹ ਮੇਰੇ ਤੇ ਮਿਹਰਬਾਨੀ ਕਰਨ। ਅਵਤਾਰ ਸਿੰਘ ਦੀ ਮਾਤਾ ਨੇ ਬਾਬਾ ਜੀ ਦੇ ਮਾਤਾ ਨੂੰ ਬੇਨਤੀ ਕੀਤੀ ਕਿ ਤੁਸੀਂ ਭਾਈ ਹਰਨਾਮ ਸਿੰਘ ਜੀ ਨੂੰ ਕਹਿ ਕੇ ਮੇਰੇ ਬੱਚੇ ਨੂੰ ਰਾਜ਼ੀ ਕਰਵਾ ਦਿਉ। ਜੇ ਉਹ ਕੋਈ ਚਾਰਾ ਕਰਨ ਤਦ ਉਸ ਦੀ ਜਾਨ ਬਚ ਸਕਦੀ ਹੈ, ਨਹੀਂ ਤਾਂ ਡਾਕਟਰਾਂ ਨੇ ਤਾਂ ਪਹਿਲੋਂ ਹੀ ਜਵਾਬ ਦੇ ਦਿੱਤਾ ਹੈ ਕਿ ਇਸ ਬੀਮਾਰੀ ਦਾ ਪੱਕਾ ਇਲਾਜ ਨਹੀਂ ਹੋ ਸਕਦਾ।

ਮਾਤਾ ਨਰੈਣ ਕੌਰ ਜੀ ਨੇ ਬਾਬਾ ਜੀ ਨੂੰ ਪ੍ਰੇਰਣਾ ਦਿੱਤੀ ਕਿ ਪੁੱਤਰ ! ਜੇ ਕੋਈ ਯਤਨ ਹੋ ਸਕਦਾ ਹੈ ਤਾਂ ਕਰੋ ਤਾਂ ਜੋ ਅਵਤਾਰ ਸਿੰਘ ਦੀ ਜਾਨ ਬਚ ਜਾਵੇ, ਘਰ ਵਿੱਚ ਇਕੋ ਹੀ ਬੱਚਾ ਹੈ। ਮਾਤਾ ਜੀ ਵਲੋਂ ਪ੍ਰੇਰਣਾ ਕਰਨ ਤੇ ਬਾਬਾ ਜੀ ਤਿਆਰ ਹੋ ਗਏ ਤੇ ਕਿਹਾ ਕਿ ਮਾਤਾ ਜੀ, ਆਪ ਜੀ ਦਾ ਜੋ ਹੁਕਮ ਹੈ ਉਸਨੂੰ ਮੈਂ ਮੋੜ ਨਹੀਂ ਸਕਦਾ, ਜਿਵੇਂ ਤੁਸੀਂ ਕਹੋ ਮੈਂ ਕਰਨ ਲਈ ਤਿਆਰ ਹਾਂ, ਉਂਞ ਮੇਰਾ ਮਨ ਨਹੀਂ ਮੰਨਦਾ।

ਬਾਬਾ ਜੀ ਨੇ ਹਰ ਰੋਜ਼ ਨਿੱਤ ਦੀ ਕਿਰਿਆ ਕਰ ਕੇ ਅਵਤਾਰ ਸਿੰਘ ਦੇ ਘਰ ਜਾਣਾ ਅਤੇ ਜ਼ਮੀਨ ਤੇ ਸਵੱਛ ਆਸਣ ਵਿਛਾ ਕੇ ਲਾਗੇ ਅਵਤਾਰ ਸਿੰਘ ਨੂੰ ਲੰਮਾ ਪਵਾ ਲੈਣਾ ਅਤੇ ਆਪ ਹੇਠ ਲਿਖੇ ਸ਼ਬਦ ਦੀਆਂ 32 ਮਾਲਾ ਹਰ ਰੋਜ਼ ਕਰਨੀਆਂ ਅਰੰਭ ਕਰ ਦਿੱਤੀਆਂ। ਥੋੜ੍ਹਾ ਉੱਚੀ ਬੋਲਣਾ ਤਾਂ ਜੋ ਬਾਣੀ ਦਾ ਪਾਠ ਉਸ ਦੇ ਕੰਨਾਂ ਵਿੱਚ ਪੈਂਦਾ ਰਹੇ।

ਸਿਰ ਮਸ੍ਤਕ ਰਖ੍ਯ੍ਯਾ ਪਾਰਬ੍ਰਹਮੰ
ਹਸ੍ਤ ਕਾਯਾ ਰਖ੍ਯ੍ਯਾ ਪਰਮੇਸ੍ਵਰਹ।।
ਆਤਮ ਰਖ੍ਯ੍ਯਾ ਗੋਪਾਲ ਸੁਆਮੀ
ਧਨ ਚਰਣ ਰਖ੍ਯ੍ਯਾ ਜਗਦੀਸ੍ਵਰਹ।।
ਸਰਬ ਰਖ੍ਯ੍ਯਾ ਗੁਰ ਦਯਾਲਹ
ਭੈ ਦੂਖ ਬਿਨਾਸਨਹ।।
ਭਗਤ ਵਛਲਿ ਅਨਾਥ ਨਾਥੇ
ਸਰਣਿ ਨਾਨਕ ਪੁਰਖ ਅਚੁਤਹ।।੫੨।।

(ਸਲੋਕ ਸਹਸਕ੍ਰਿਤੀ, ਪੰਨਾ ੧੩੫੮)



www.AKJ.Org

ਬਾਬਾ ਜੀ ਦੱਸਦੇ ਸਨ ਕਿ ਜਾਪ ਅਰੰਭ ਕੀਤੇ ਨੂੰ ਅਜੇ ਥੋੜ੍ਹੇ ਦਿਨ ਹੀ ਹੋਏ ਸਨ ਕਿ ਇਕ ਦਿਨ ਅਜੇ ਦੋ ਮਾਲਾ ਹੀ ਕੀਤੀਆ ਸਨ, ਇਕ ਸ਼ਹੀਦ ਸਿੰਘ ਨੇ ਮੈਨੂੰ ਗਿੱਚੀ ਉਪਰੋਂ ਫੜ ਕੇ ਦੂਸਰਾ ਹੱਥ ਹੇਠਾਂ ਜਿਥੇ ਰੀੜ੍ਹ ਦੀ ਹੱਡੀ ਮੁੱਕਦੀ ਹੈ, ਆਸਣ ਹੇਠ ਪਾ ਕੇ ਅੱਗੇ ਨੂੰ ਮੂਧਾ ਕਰਨ ਵਾਸਤੇ ਧੱਕਿਆ। ਦੂਜੀ ਵਾਰੀ ਫੇਰ ਯਤਨ ਕੀਤਾ। ਜਦ ਤੀਸਰੀ ਵਾਰੀ ਉਸ ਨੇ ਜ਼ੋਰ ਲਾਇਆ ਤਾਂ ਮੈਂ ਉਹਨਾਂ ਨੂੰ ਕਿਹਾ ਕਿ ਤੁਸੀਂ ਸਾਹਮਣੇ ਹੋ ਕੇ ਗੱਲ ਕਰੋ ਕਿ ਤੁਸੀਂ ਕੀ ਚਾਹੁੰਦੇ ਹੋ ? ਦੂਸਰਾ ਸ਼ਹੀਦ ਸਿੰਘ ਜੋ ਮੇਰੇ ਸੱਜੇ ਪਾਸੇ ਖੜ੍ਹਾ ਸੀ, ਉਸ ਨੇ ਕਿਹਾ ਕਿ ਜਿਸ ਮਨਮੁਖ ਦੀ ਤੁਸੀਂ ਮਦਦ ਕਰ ਰਹੇ ਹੋ ਇਹ ਮਦਦ ਕਰਨ ਦੇ ਲਾਇਕ ਨਹੀਂ। ਇਸ ਨੇ ਸਟੇਜ ਤੇ ਖਲੋ ਕੇ ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਰੱਜ ਕੇ ਨਿੰਦਿਆ ਕੀਤੀ ਜੋ ਕੰਨਾਂ ਨਾਲ ਸੁਣੀ ਨਹੀਂ ਜਾ ਸਕਦੀ ਸੀ। ਮਾਰ ਤਾਂ ਅਸੀਂ ਇਸਨੂੰ ਉਦੋਂ ਹੀ ਦੇਣਾ ਸੀ ਪਰ ਖ਼ਿਆਲ ਸੀ ਕਿ ਇਸ ਨੂੰ ਬਹੁਤਾ ਕਸ਼ਟ ਦੇ ਕੇ ਮਾਰੀਏ ਅਤੇ ਹੁਣ ਇਸ ਦੀ ਜਾਨ ਬਖ਼ਸ਼ੀ ਲਈ ਤੁਸੀਂ ਬਾਣੀ ਦਾ ਪਾਠ ਆਰੰਭ ਕਰ ਦਿੱਤਾ ਹੈ।

ਆਪ ਜੀ ਦੱਸਦੇ ਸਨ ਕਿ ਅਸੀਂ ਉਨ੍ਹਾਂ ਸ਼ਹੀਦ ਸਿੰਘਾਂ ਨੂੰ ਕਿਹਾ ਕਿ ਜੇ ਤੁਸੀਂ ਹੁਕਮ ਕਰੋ ਤਾਂ ਇਸ ਪਾਸੋਂ ਮੁਆਫ਼ੀ ਮੰਗਵਾ ਦਿੰਦੇ ਹਾਂ। ਅੱਗੋਂ ਉਹ ਕਹਿਣ ਲੱਗੇ ਕਿ ਭਾਈ ਹਰਨਾਮ ਸਿੰਘ ! ਮੁਆਫ਼ੀ ਕੀ ਮੰਗਵਾਣੀ ਹੈ ਅਸੀਂ ਹੀ ਇਸਨੂੰ ਇਹ ਸਾਰਾ ਕਸ਼ਟ ਦਿੱਤਾ ਸੀ ਤੇ ਹੁਣ ਇਸ ਦਾ ਪਿੱਛਾ ਛੱਡ ਦਿੰਦੇ ਹਾਂ। ਉਂਞ ਇਹ ਬਖਸ਼ਣ ਦੇ ਯੋਗ ਨਹੀਂ ਸੀ। ਇੰਨਾਂ ਕਹਿ ਕੇ ਉਹ ਦੋਵੇਂ ਸਿੰਘ ਅਲੋਪ ਹੋ ਗਏ। ਬਾਬਾ ਜੀ ਦੱਸਦੇ ਸਨ ਕਿ ਤਿੰਨ ਦਿਨ ਧੌਣ ਉੱਪਰ ਜਿੱਥੇ ਉਹਨਾਂ ਸ਼ਹੀਦ ਸਿੰਘਾਂ ਨੇ ਹੱਥ ਪਾਇਆ ਹੋਇਆ ਸੀ, ਉਂਗਲੀਆਂ ਦੇ ਨਿਸ਼ਾਨ ਮਹਿਸੂਸ ਹੁੰਦੇ ਰਹੇ ਤੇ ਮਾਸ ਦਰਦ ਵੀ ਕਰਦਾ ਰਿਹਾ।

ਉਸ ਦਿਨ ਤੋਂ ਬਾਅਦ ਅੱਜ ਹੋਰ, ਕੱਲ੍ਹ ਹੋਰ, ਅਵਤਾਰ ਸਿੰਘ ਨੂੰ ਆਰਾਮ ਆਉਣ ਲੱਗ ਪਿਆ। 40 ਦਿਨ ਬਾਅਦ ਭੋਗ ਪਾਇਆ, ਅਰਦਾਸ ਕੀਤੀ, ਹੁਣ ਉਹ ਹੀ ਅਵਤਾਰ ਸਿੰਘ ਜੋ ਮੰਜੇ ਤੋਂ ਉੱਠ ਕੇ ਬੈਠਣ ਲਈ ਵੀ ਸਹਾਰਾ ਟੋਲਦਾ ਸੀ, ਆਪਣੇ ਆਪ ਤੁਰਦਾ ਫਿਰਦਾ ਤੇ ਨਵਾਂ-ਨਰੋਆ ਹੋ ਗਿਆ।

ਬਾਬਾ ਜੀ ਨੇ ਅਵਤਾਰ ਸਿੰਘ ਨੂੰ ਸਾਰੀ ਗੱਲ ਪੁੱਛੀ ਅਤੇ ਆਪਣੇ ਨਾਲ ਜੋ ਬੀਤੀ ਸੀ ਉਹ ਵੀ ਦੱਸੀ ਅਤੇ ਅਗਾਂਹ ਲਈ ਗੁਰੂ ਪਾਤਸ਼ਾਹ ਜੀ ਦੀ ਭੈ-ਭਾਵਨੀ ਵਿੱਚ ਤੁਰਨ ਲਈ ਪ੍ਰੇਰਨਾ ਦਿੱਤੀ। ਜਿੰਨਾ ਕੁ ਚਿਰ ਬਿਮਾਰੀ ਦਾ ਦੁੱਖ ਯਾਦ ਰਿਹਾ ਓਨਾ ਚਿਰ ਸ: ਅਵਤਾਰ ਸਿੰਘ ਥੋੜ੍ਹੀ ਬਾਣੀ ਪੜ੍ਹਦੇ ਰਹੇ। ਥੋੜ੍ਹੇ ਸਮੇਂ ਬਾਅਦ ਫਿਰ ਢਿੱਲ ਵਰਤ ਗਏ। ਚਾਹੀਦਾ ਤਾਂ ਇਹ ਸੀ ਕਿ ਅਗਲੇ ਪਾਸੇ ਤੋਂ ਛੁਟਕਾਰਾ ਮਿਲਿਆ ਸੀ, ਸਾਰੇ ਪਾਸੇ ਭੁਲਾ ਕੇ ਸਤਿਗੁਰੂ ਜੀ ਦੇ ਚਰਨਾਂ ਨਾਲ ਪੱਕੀ ਗੰਢ ਪਾ ਲੈਂਦੇ ਪਰ –

ਬਿਨੁ ਭਾਗਾ ਗੁਰੁ ਸੇਵਿਆ ਨ ਜਾਇ।।

(ਪੰਨਾ ੧੦੬੫)

ਵਾਲੀ ਗੱਲ ਬਣੀ। ਪਰ ਫੇਰ ਵੀ ਸਮੇਂ-ਸਮੇਂ ਬਾਬਾ ਜੀ ਨੇ ਅਵਤਾਰ ਸਿੰਘ ਜੀ ਨੂੰ ਗੁਰ-ਚਰਨਾਂ ਵੱਲ ਪ੍ਰੇਰਨ ਦਾ ਯਤਨ ਕੀਤਾ। ਜਦੋਂ ਸ: ਅਵਤਾਰ ਸਿੰਘ ਜੀ ਭੂੰਗੇ (ਜ਼ਿ: ਹੁਸ਼ਿਆਰਪੁਰ) ਬਲਾਕ ਵਿੱਚ ਬੀ. ਡੀ. ਓ. ਦੀ ਪੋਸਟ ਤੇ ਕੰਮ ਕਰਦੇ ਸਨ ਤਦ ਬਾਬਾ ਜੀ ਦੀ ਪ੍ਰੇਰਨਾ ਨਾਲ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ।

• • • • •

(ਪੰਨਾ ੧੦ ਦਾ ਬਾਕੀ..........)

ਕਾਲ ਤੋਂ ਹੀ ਸ਼ਾਇਦ ਕਾਲਾ ਰੰਗ ਬਣਿਆ ਹੈ। ਕਾਲੇ ਰੰਗ ਵਿੱਚ ਸਾਰੇ ਰੰਗ ਸਮਾ ਜਾਂਦੇ ਹਨ। ਕਾਲ ਵਿੱਚ ਵੀ ਸਾਰੇ ਸਮੇਂ ਸਮਾ ਜਾਂਦੇ ਹਨ ਪਰ ਇਕ ਹੈ ਜੋ *"ਕਾਲ"* ਦੀ ਪਕੜੋਂ ਬਾਹਰਾ ਹੈ ਤੇ ਉਹ ਹੈ ਅਕਾਲ। ਕਾਲ ਆਪਣੇ ਆਪ ਵਿੱਚ ਬਹੁਤ ਬਲਵਾਨ ਹੈ ਪਰ ਇਹ ਵੀ ਉਸ ਅਕਾਲ ਦੇ ਅਧੀਨ ਹੈ, ਅਕਾਲ ਪੁਰਖ ਦੇ ਅਧੀਨ ਹੈ। ਜਿਹੜਾ ਅਕਾਲ ਵਿੱਚ ਸਮਾ ਗਿਆ ਉਹ ਤਾਂ ਸੁੰਦਰ ਹੋ ਗਿਆ, ਮਨਮੋਹਣਾ ਹੋ ਗਿਆ। ਕੀ ਕਹਾਂ ਇਸ ਅਕਾਲਪੁਰਖ ਦੀ ਹੋਂਦ ਬਾਰੇ ? ਜੋ ਕਹਿੰਦੇ ਹਨ ਇਸ ਦੀ ਹੋਂਦ ਦਾ ਸਬੂਤ ਕੀ ਹੈ ? ਉਹ ਆਪ ਆਪਣੇ ਹਿਰਦੇ ਅੰਦਰ ਝਾਤੀ ਮਾਰਨ। ਉਨ੍ਹਾਂ ਦੀ ਹੋਂਦ ਹੀ ਪਰਮਾਤਮਾ ਦੀ ਹੋਂਦ ਦੀ ਪੁਸ਼ਟੀ ਕਰ ਦੇਵੇਗੀ।

ਇਕ ਅਚੰਭਾ ਹੈ, ਇਕ ਨਿਰਾਲੀ ਖੇਡ ਹੈ ਤੇ ਉਹ ਇਹ ਕਿ ਅਦ੍ਰਿਸ਼ਟ ਕਰਤੇ ਨੂੰ *"ਦ੍ਰਿਸ਼ਟੀ"* ਵਾਲੇ ਨਹੀਂ ਵੇਖ ਸਕਦੇ। ਜੋ ਦ੍ਰਿਸ਼ਟੀ ਵਿੱਚ ਹਨ ਉਹ ਅਦ੍ਰਿਸ਼ਟ ਦਾ ਦੀਦਾਰ ਨਹੀਂ ਕਰ ਸਕਦੇ ਪਰ ਅਦ੍ਰਿਸ਼ਟ ਪ੍ਰਭੂ ਦ੍ਰਿਸ਼ਟੀ ਵਾਲਿਆਂ ਨੂੰ ਵੇਖ ਰਿਹਾ ਹੈ। ਅਸਚਰਜਤਾ ਤਾਂ ਇਹ ਹੈ ਕਿ ਅਦ੍ਰਿਸ਼ਟ ਪ੍ਰਭੂ ਤਾਂ ਸਭ ਨੂੰ ਤੱਕ ਰਹੇ ਹਨ ਪਰ ਇਹ ਦ੍ਰਿਸ਼ਟੀ ਵਾਲਾ ਅਦ੍ਰਿਸ਼ਟ ਦੇ ਦਰਸ਼ਨ ਨਹੀਂ ਕਰ ਸਕਦਾ।

ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ (ਪੰਨਾ ੭) (ਚਲਦਾ)

• • • • •



www.AKJ.Org

# ਪੁਲਾੜ ਰੈਹਤ

(ਸੂਬੇਦਾਰ ਧਰਮ ਸਿੰਘ ਸੁੱਜੋਂ (ਯੂ. ਕੇ.)

ਸੂਰਾ ਫਰਵਰੀ, 96 ਵਿੱਚ ਅਕਾਲ ਨਾਮੇ ਲੇਖ ਵਿੱਚ ਆਪ ਪੜ੍ਹ ਚੁੱਕੇ ਹੋ ਕਿ ਕੁਦਰਤ ਦਾ ਇਕ ਇਹ ਭੀ ਨਿਯਮ ਹੈ ਕਿ ਜਿੱਥੇ ਕਾਲ, ਸਮਾਂ ਜਾਂ Time ਨਹੀਂ, ਉਥੇ ਪੁਲਾੜ, ਖਾਲੀ ਥਾਂ ਜਾਂ Space ਭੀ ਨਹੀਂ ਹੁੰਦੀ। ਇਸ ਲੇਖ ਵਿੱਚ ਕੁਦਰਤ ਅੰਦਰ ਪੁਲਾੜ ਰੈਹਤ (Spaceless) ਬਾਰੇ ਕੁੱਝ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ।

(ੳ) ਪੁਲਾੜ

ਕੁਦਰਤ ਦੇ ਬੇਅੰਤ ਪਸਾਰੇ ਅੰਦਰ 'ਪੁਲਾੜ' ਦੀ ਇਕ ਖਾਸ ਭੂਮਿਕਾ ਹੈ। ਬੇਅੰਤ ਪੁਲਾੜ ਅੰਦਰ ਹੀ ਪਰਕਿਰਤੀ ਦਾ ਬੇਅੰਤ ਫੈਲਾਉ ਕਾਇਮ ਹੈ। ਇਕ ਪਰਮਾਣੂ ਜਾਂ Atm ਅੰਦਰ ਪ੍ਰੋਟੋਨ ਤੇ ਨਿਊਟਰੋਨ ਦੀ ਨਾਭ (Nucleus) ਤੋਂ ਇਲਾਵਾ ਇਸ ਤੋਂ ਦਸ ਹਜ਼ਾਰ ਗੁਣਾਂ ਜ਼ਿਆਦਾ ਖਾਲੀ ਥਾਂ ਜਾਂ ਪੁਲਾੜ ਹੁੰਦਾ ਹੈ। ਸਾਡੇ ਸੂਰਜ ਮੰਡਲ ਦੇ ਅੰਦਰ ਨੌਂ ਗਰੈਹ ਹੋਰ ਭੀ ਹਨ ਜੋ ਸੂਰਜ ਤੋਂ ਵੱਖ ਵੱਖ ਵਿੱਥ ਤੇ ਕਾਇਮ ਹਨ। ਸਭ ਤੋਂ ਦੂਰ ਦਾ ਗਰੈਹ ਪਲੈਟੂ (Platu) ਸੂਰਜ ਤੋਂ ਕੋਈ ਸਾਢੇ ਤਿੰਨ ਅਰਬ ਮੀਲ ਤੋਂ ਭੀ ਕੁੱਝ ਦੂਰ ਹੈ। ਇਸ ਕਦਰ ਫਾਸਲੇ ਅੰਦਰ ਨੌਂ ਗਰੈਹਾਂ ਤੋਂ ਇਲਾਵਾ ਬਾਕੀ ਸਭ ਖਾਲੀ ਥਾਂ ਜਾਂ Space ਹੀ ਹੈ। ਰਾਤ ਸਮੇਂ ਅਸੀਂ ਆਕਾਸ਼ ਵਿੱਚ ਬੇਅੰਤ ਤਾਰੇ ਵੇਖਦੇ ਹਾਂ। ਇਹ ਸਾਰੇ ਤਾਰੇ ਆਕਾਰ ਵਿੱਚ ਸੂਰਜ ਸਮਾਨ ਜਾਂ ਇਸ ਤੋਂ ਭੀ ਬੜੇ ਹਨ। ਸਭ ਤੋਂ ਨਜ਼ਦੀਕੀ ਤਾਰਾ ਸਾਥੋਂ ਸਾਢੇ ਚਾਰ ਪ੍ਰਕਾਸ਼ ਵਰ੍ਹੇ ਜਾਂ ਕੋਈ 260 ਖਰਬ ਮੀਲ ਦੇ ਫਾਸਲੇ ਤੇ ਹੈ। ਰੌਸ਼ਨੀ ਇੱਕ ਸੈਕੰਡ ਵਿੱਚ 186000 ਮੀਲ ਚਲਦੀ ਹੈ। ਇਸ ਰਫ਼ਤਾਰ ਨਾਲ ਇਹ ਇੱਕ ਸਾਲ ਵਿੱਚ 58 ਖਰਬ 80 ਅਰਬ ਮੀਲ ਦਾ ਫਾਸਲਾ ਤਹਿ ਕਰਦੀ ਹੈ। ਇਸ ਫਾਸਲੇ ਨੂੰ ਇੱਕ ਪ੍ਰਕਾਸ਼ ਵਰ੍ਹਾ ਆਖਦੇ ਹਨ। ਇਸ ਤੋਂ ਅਗਲਾ ਤਾਰਾ ਸਾਥੋਂ 19 ਪਰਕਾਸ਼ ਵਰ੍ਹੇ, ਕੋਈ 1117 ਖਰਬ ਮੀਲ ਦੀ ਦੂਰੀ ਤੇ ਹੈ, ਵਿਚਕਾਰ ਬਾਕੀ ਸਭ ਖਾਲੀ ਥਾਂ (Space) ਹੀ ਹੈ। ਰਾਤ ਸਮੇਂ ਨਜ਼ਰ ਆਉਣ ਵਾਲੇ ਸਾਰੇ ਹੀ ਤਾਰੇ ਮਿਲਕੀ-ਵੇ (Milky way) ਨਾਮੇਂ ਆਕਾਸ਼-ਗੰਗਾ ਨਾਲ ਸੰਬੰਧ ਰੱਖਦੇ ਹਨ। ਇਸ ਵਿੱਚ ਕੋਈ ਇੱਕ ਖਰਬ ਤਾਰੇ ਹਨ। ਆਕਾਸ਼-ਗੰਗਾ ਦੇ ਇਕ ਕਿਨਾਰੇ ਤੋਂ ਜੇ ਅਸੀਂ ਰੌਸ਼ਨੀ ਦੀ ਰਫਤਾਰ ਨਾਲ ਚਲੀਏ ਤਾਂ ਇਸ ਦੇ ਦੂਸਰੇ ਸਿਰੇ ਤੱਕ ਪਹੁੰਚਣ ਲਈ ਇੱਕ ਲੱਖ ਸਾਲ ਲੱਗਦੇ ਹਨ। ਇਸ ਵਿਸ਼ਾਲ ਫਾਸਲੇ ਅੰਦਰ, ਇੱਕ ਖਰਬ ਸੂਰਜਾਂ ਤੋਂ ਇਲਾਵਾ ਬਾਕੀ ਸਾਰੀ ਹੀ ਖਾਲੀ ਥਾਂ (Space) ਹੈ।

ਮਿਲਕੀ-ਵੇ (ਆਕਾਸ਼-ਗੰਗਾ) ਤੋਂ ਰੌਸ਼ਨੀ ਦੀ ਰਫ਼ਤਾਰ ਨਾਲ ਚਲੀਏ ਤਾਂ ਅਗਲੀ ਸਭ ਤੋਂ ਨਜ਼ਦੀਕੀ ਆਕਾਸ਼-ਗੰਗਾ ਤੱਕ ਪਹੁੰਚਣ ਲਈ 20 ਲੱਖ ਸਾਲ ਲੱਗਦੇ ਹਨ। ਇਹ 20 ਲੱਖ ਪਰਕਾਸ਼ ਵਰ੍ਹੇ ਦਾ ਸਾਰਾ ਹੀ ਫਾਸਲਾ ਥਾਂ (Space) ਹੈ। ਇੰਗਲੈਂਡ ਦਾ ਮਸ਼ਹੂਰ ਸਾਇੰਸਦਾਨ ਪੈਟਰਕ ਮੂਰ ਆਪਣੀ ਪੁਸਤਕ ਕਾਊਂਟ ਡਾਊਨ (Count Down) ਵਿੱਚ ਲਿਖਦਾ ਹੈ ਕਿ ਸਾਡੇ ਟੈਲੀਸਕੋਪ ਐਸੀ ਇਕ ਅਰਬ ਗੰਗਾਵਾਂ (galaxies) ਦੇ ਫੋਟੋ ਲੈਣ ਦੇ ਕਾਬਲ ਹੋ ਗਏ ਹਨ ਭਾਵ ਆਕਾਸ਼ ਵਿੱਚ ਐਸੀ ਇੱਕ ਅਰਬ ਆਕਾਸ਼ ਗੰਗਾਵਾਂ ਹਨ।

ਪੁਲਾੜ ਅੱਗੇ ਹੋਰ ਕਿਤਨਾ ਕੁ ਵੱਡਾ ਹੈ ਇਸ ਦੀ ਇਥੇ ਹੀ ਬੱਸ ਨਹੀਂ ਹੈ। ਸਾਇੰਸਦਾਨ ਦੱਸਦੇ ਹਨ ਕਿ ਮਾਤ ਲੋਕ (Universe) ਗੁਬਾਰੇ ਵਾਂਗੂੰ ਫੈਲ ਰਿਹਾ ਹੈ। ਸਾਥੋਂ 20 ਖਰਬ ਪ੍ਰਕਾਸ਼ ਵਰ੍ਹੇ ਦੇ ਫਾਸਲੇ ਤੇ ਜੋ ਤਾਰੇ ਹਨ ਉਹ ਸਾਥੋਂ 38000 ਮੀਲ ਪ੍ਰਤੀ ਸੈਕੰਡ ਦੀ ਰਫਤਾਰ ਨਾਲ ਪਰੇ ਭੱਜੇ ਜਾ ਰਹੇ ਹਨ। ਇਸ ਤੋਂ ਦੁਗਣੇ ਫਾਸਲੇ ਭਾਵ 40 ਖਰਬ ਪ੍ਰਕਾਸ਼ ਵਰ੍ਹੇ ਦੇ ਫਾਸਲੇ ਤੇ ਜੋ ਤਾਰੇ ਹਨ ਉਹ ਸਾਥੋਂ ਰੌਸ਼ਨੀ ਦੀ ਰਫਤਾਰ ਨਾਲ ਪਰੇ ਦੌੜੇ ਜਾ ਰਹੇ ਹਨ। ਸਾਇੰਸਦਾਨਾਂ ਅਨੁਸਾਰ ਸੰਸਾਰ ਨੂੰ ਵਜੂਦ ਵਿੱਚ ਆਇਆ 15 ਅਰਬ ਸਾਲ ਹੋ ਗਏ ਹਨ। ਇਹ ਸਾਰਾ ਹੀ ਵਿਸਥਾਰ 15 ਅਰਬ ਸਾਲ ਵਿੱਚ 180000 ਮੀਲ ਪ੍ਰਤੀ ਸੈਕੰਡ ਦੀ ਰਫਤਾਰ ਨਾਲ ਦੌੜ ਕੇ ਅੱਜ ਤੱਕ ਪੁਲਾੜ ਵਿੱਚ ਕਿਤਨਾ ਸਫ਼ਰ ਤੈਅ ਕਰ ਚੁੱਕਾ ਹੋਵੇਗਾ, ਅੱਗੇ ਨੂੰ ਹੋਰ ਕਿਤਨੇ ਅਰਬ ਸਾਲ ਇਹ ਸੰਸਾਰ ਕਾਇਮ ਰਹੇਗਾ, ਉਤਨੇ ਹੋਰ ਸਮੇਂ ਵਿੱਚ ਹੋਰ ਕਿਤਨਾ ਕੁ ਪੁਲਾੜ ਉਲੰਘਿਆ ਜਾਵੇਗਾ, ਇਸ ਦਾ ਖਿਆਲ ਕਰਦਿਆਂ ਹੈਰਾਨਗੀ ਦੇ ਸਮੁੰਦਰ ਵਿੱਚ ਗੋਤੇ ਖਾਣ ਤੋਂ ਇਲਾਵਾ ਹੋਰ ਕੁੱਝ ਨਹੀਂ ਸੁੱਝਦਾ, "ਵੇਖਿ ਵਿਡਾਣੁ ਰਹਿਆ ਵਿਸਮਾਦੁ" (ਆਸਾ ਦੀ ਵਾਰ) ਆਖ ਕੇ ਚੁਪ ਹੀ ਕਰਨਾ ਪੈਂਦਾ ਹੈ।

ਕੁਦਰਤ ਪਸਾਰੇ ਅੰਦਰ ਪੁਲਾੜ ਦੀ ਕਹਾਣੀ ਇੱਥੇ ਹੀ ਖਤਮ ਨਹੀਂ ਹੋ ਜਾਂਦੀ। ਧਾਰਮਿਕ ਗਰੰਥ ਤੇ ਸਾਇੰਸਦਾਨ ਦੋਨੋ ਹੀ ਮੰਨਦੇ ਹਨ ਕਿ ਸਾਡੇ ਇਸ ਮਾਤ-ਲੋਕ ਤੋਂ ਇਲਾਵਾ ਹੋਰ ਭੀ ਸੰਸਾਰ ਜਾਂ Universes ਹਨ ਜਿਵੇਂ ਕਿ ਪਰਲੋਕ ਵਿੱਚ ਬ੍ਰਹਮਪੁਰੀ, ਇੰਦਰਪੁਰੀ ਤੇ ਸ਼ਿਵਪੁਰੀ ਆਦਿ ਦਾ ਜ਼ਿਕਰ ਮਿਲਦਾ ਹੈ। ਸਾਇੰਸਦਾਨਾਂ ਦੇ ਵਿਚਾਰ ਅਨੁਸਾਰ, ਇਨ੍ਹਾਂ ਦੂਸਰੇ ਲੋਕਾਂ (Universes) ਦੇ ਕੁਦਰਤ ਦੇ ਨਿਯਮ ਭੀ ਸਾਡੇ ਮਾਤ-ਲੋਕ ਦੇ ਨਿਯਮਾਂ ਤੋਂ ਵੱਖਰੇ ਹੋ ਸਕਦੇ ਹਨ ਜਿਵੇਂ ਕਿ ਸਾਡੇ ਮਾਤ-ਲੋਕ ਦੀ ਬਣਤਰ ਪਰਕਿਰਤੀ (Matter) ਤੋਂ ਹੁੰਦੀ ਹੈ ਤਾਂ ਦੂਸਰੇ



www.AKJ.Org

ਲੋਕ (Universe) ਦੀ ਬਣਤਰ ਪ੍ਰਤੀ-ਪਰਕਿਰਤੀ (Anti-Matter) ਤੋਂ ਹੁੰਦੀ ਹੋਵੇ ਜਦੋਂ ਪਰਕਿਰਤੀ ਅਤੇ ਪ੍ਰਤੀ-ਪਰਕਿਰਤੀ ਇਕ ਦੂਸਰੇ ਨੂੰ ਛੂੰਹਦੇ ਹਨ ਤਾਂ ਬਿਜਲੀ ਦੀ ਕਰੰਟ ਵਾਂਗੂੰ ਚੰਗਿਆੜਾ ਪੈ ਕੇ ਦੋਨੋਂ ਹੀ ਭਸਮ (Annihilate) ਹੋ ਜਾਂਦੇ ਹਨ। ਸਾਇੰਸਦਾਨ ਮਜ਼ਾਕ ਵਿਚ ਆਖਦੇ ਹਨ ਕਿ ਜੇ ਕਿਤੇ ਤੁਹਾਨੂੰ ਕਿਸੀ ਦੂਸਰੇ ਲੋਕ ਦਾ ਕੋਈ ਆਦਮੀ ਮਿਲ ਜਾਏ ਤਾਂ ਦੇਖਣਾ ਤੁਸੀਂ ਉਸ ਨਾਲ ਹੱਥ ਨਾ ਮਿਲਾ ਬੈਠਣਾ ਨਹੀਂ ਤਾਂ ਤੁਸੀਂ ਦੋਨੋਂ ਹੀ ਭਸਮ ਹੋ ਜਾਓਗੇ।

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਪੰਜ ਹੋਰ ਲੋਕਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੂੰ ਉਨ੍ਹਾਂ ਖੰਡ ਆਖਿਆ ਹੈ। ਇਹਨਾਂ ਖੰਡਾਂ ਵਿੱਚ ਵਸਦੇ ਲੋਕਾਂ ਦਾ ਜ਼ਿਕਰ ਭੀ ਮਿਲਦਾ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਨ੍ਹਾਂ ਖੰਡਾਂ ਦੀ ਜੋ ਵਿਆਖਿਆ ਕੀਤੀ ਹੈ ਉਹ ਵਿਸਥਾਰ ਪੂਰਬਕ *'ਸੱਚ ਖੰਡ ਦਰਸ਼ਨ'* ਨਾਮੇ ਪੁਸਤਕ ਵਿਚ ਦਰਜ ਹੈ। ਉਪਰ ਮਾਤ-ਲੋਕ ਦੇ ਵਿਸਥਾਰ ਦਾ ਜੋ ਬਿਆਨ ਹੋਇਆ ਹੈ ਇਸ ਦੇ ਇਰਦ ਗਿਰਦ ਜਾਂ ਚਾਰ ਚੌਫੇਰੇ ਧਰਮ ਖੰਡ ਹੈ ਭਾਵ ਮਾਤ ਲੋਕ ਧਰਮ ਖੰਡ ਦੇ ਘੇਰੇ ਦੇ ਅੰਤਰ-ਗਤ ਹੈ, ਅਗੋਂ ਧਰਮ ਖੰਡ, ਗਿਆਨ ਖੰਡ ਦੇ, ਗਿਆਨ ਖੰਡ ਸਰਮ ਖੰਡ ਦੇ, ਸਰਮ ਖੰਡ ਕਰਮ ਖੰਡ ਦੇ, ਕਰਮ ਖੰਡ ਸਚ ਖੰਡ ਦੇ ਅੰਤਰ-ਗਤ ਹੈ। ਕੁਦਰਤ ਦੀ ਸਾਰੀ ਹੀ ਕਾਇਨਾਤ ਸੱਚ ਖੰਡ ਦੇ ਅੰਤਰ-ਗਤ ਵਸਦੀ ਹੈ। ਆਪ ਜੀ ਦੇਖ ਸਕਦੇ ਹੋ ਕਿ ਉਪਰ ਮਾਤ ਲੋਕ ਦੀ ਵਿਸ਼ਾਲਤਾ ਦਾ ਅਨੁਮਾਨ ਲਗਾਉਂਦੇ ਹੋਏ "ਵੇਖਿ ਵਿਡਾਣੁ ਰਹਿਆ ਵਿਸਮਾਦੁ" ਵਿਸਮਾਦ ਵਿੱਚ ਚਲੇ ਜਾਈਦਾ ਹੈ ਤਾਂ ਅਗੋਂ ਧਰਮ, ਗਿਆਨ, ਸਰਮ, ਕਰਮ ਤੇ ਸੱਚ ਖੰਡ ਦੀ ਵਿਸ਼ਾਲਤਾ ਦਾ ਤਾਂ ਕਹਿਣਾ ਹੀ ਕਿਆ ਹੈ। ਆਖਰ ਗੱਲ ਇਥੇ ਆ ਕੇ ਮੁੱਕਦੀ ਹੈ ਕਿ "ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ" (ਪੰਨਾ ੬੩੦)। ਆਉ ਹੁਣ ਜ਼ਰਾ ਕੁਦਰਤ ਦੇ ਪੁਲਾੜ ਰੇਹਤ ਸਿਧਾਂਤ ਵੱਲ ਨੂੰ ਕੁਝ ਮੋੜਾ ਪਾਈਏ।

### (ਅ) ਨੀਊਟਰੋਨ ਸਟਾਰ **(Neutron Star)**

'ਅਕਾਲ' ਨਾਮੇ ਲੇਖ ਵਿੱਚ ਇਸ ਸ਼ਤਾਬਦੀ ਦੇ ਮਸ਼ਹੂਰ ਸਾਇੰਸਦਾਨ ਐਲਬਰਟ ਆਇੰਸਟਾਈਨ ਦੀ ਸਪੈਸ਼ਲ ਰੈਲੇਟਿਵਟੀ ਤੇ ਜਨਰਲ ਰੈਲੇਟਿਵਟੀ ਦੇ ਦੋ ਸਿਧਾਂਤਾਂ ਦਾ ਜ਼ਿਕਰ ਆਇਆ ਹੈ ਜਿਸ ਨੂੰ ਹੁਣ ਇੱਥੇ ਦੋਹਰਾਉਣ ਦੀ ਲੋੜ ਨਹੀਂ ਹੈ। ਇਨ੍ਹਾਂ ਹੀ ਸਿਧਾਂਤਾਂ ਦੀ ਅੱਗੇ ਹੋਰ ਪੜਚੋਲ ਕਰਦੇ ਹਾਂ।

ਸੂਰਜ ਤੋਂ ਭੀ ਬਹੁਤ ਵੱਡੇ ਤਾਰੇ ਜਿਨ੍ਹਾਂ ਨੂੰ ਜਾਇੰਟ Giant ਜਾਂ ਸੁਪਰ-ਜਾਇੰਟ Supper Giant ਤਾਰੇ ਆਖਦੇ ਹਾਂ, ਜਦੋਂ ਆਪਣੇ ਅੰਦਰ ਦਾ ਨੁਕਲੀਆਈ (Nuclear) ਬਾਲਣ ਵਰਤਦੇ ਖਤਮ ਕਰ ਬੈਠਦੇ ਹਨ ਤਾਂ ਇਹ ਬੁਝਣ ਵੇਲੇ ਜਿਵੇਂ ਦੀਵੇ ਦੀ ਲੋ ਜ਼ਿਆਦਾ ਚਮਕਾਰਾ ਮਾਰ ਕੇ ਬੁੱਝ ਜਾਂਦੀ ਹੈ, ਇਹ ਤਾਰੇ ਭੀ ਬਹੁਤ ਵੱਡਾ ਚਮਕਾਰਾ ਮਾਰ ਕੇ ਆਪਣੇ ਕੇਂਦਰ ਵੱਲ ਨੂੰ ਸੁੰਗੜ ਜਾਂਦੇ ਹਨ। ਇਸ ਕਿਰਿਆ ਨੂੰ Supernova ਆਖਦੇ ਹਨ। ਇਸ ਕਿਰਿਆ ਉਪਰੰਤ ਜਾਇੰਟ ਜਾਂ ਸੁਪਰ ਜਾਇੰਟ ਸਟਾਰ ਦਾ ਆਕਾਰ ਸਿਰਫ ਸਾਡੀ ਧਰਤੀ ਸਮਾਨ ਹੀ ਰੈਹ ਜਾਂਦਾ ਹੈ। ਇਸ ਨੂੰ ਬੌਨੇ ਚਿੱਟੇ (White dwarf) ਤਾਰੇ ਆਖਦੇ ਹਨ। ਇਸ ਦੀ ਆਪਣੇ ਕੇਂਦਰ ਵੱਲ ਨੂੰ ਸੁੰਗੜਨੇ ਦੀ ਕਿਰਿਆ ਜਾਰੀ ਰਹਿੰਦੀ ਹੈ। ਜਿਉਂ ਜਿਉਂ ਇਹ ਤਾਰਾ ਸੁੰਗੜਦਾ ਹੈ ਇਸ ਦੀ ਪਰਕਿਰਤੀ ਦੀ ਘਣਤਾ (Density of matter) ਵੱਧਦੀ ਜਾਂਦੀ ਹੈ। ਜਿਉਂ ਜਿਉਂ ਘਣਤਾ ਵੱਧਦੀ ਹੈ ਤਿਉਂ ਤਿਉਂ ਇਸ ਦੀ ਖਿੱਚ ਸ਼ਕਤੀ (Gravitational Force) ਬਲਵਾਨ ਹੁੰਦੀ ਜਾਂਦੀ ਹੈ। ਖਿੱਚ ਸ਼ਕਤੀ ਕਾਰਨ ਤਾਰੇ ਦੀ ਪਰਕਿਰਤੀ (Matter) ਤੇ ਦਬਾਓ (Compression) ਵੱਧਦਾ ਹੈ। ਦਬਾਓ ਵੱਧਣ ਨਾਲ ਗਰਮੀ ਵੱਧਦੀ ਹੈ। ਗਰਮੀ ਇਤਨੀ ਵੱਧ ਜਾਂਦੀ ਹੈ ਕਿ ਇਸਦੀ ਪਰਕਿਰਤੀ ਦੇ ਪਰਮਾਣੂਆਂ ਅੰਦਰ ਨੁਕਲੀਆਈ ਫਿਸ਼ਨ (Nuclear Fission) ਕਿਰਿਆ ਹੋ ਕੇ ਪਰੋਟੋਨ ਤੇ ਨਿਊਟਰੋਨ ਆਪੋ ਵਿੱਚ ਟੁੱਟ ਜਾਂਦੇ ਹਨ। ਇਲੈਕਟਰੋਨ ਨੈਗੇਟਿਵ (Negative) ਤੇ ਪਰੋਟੋਨ ਪੌਜ਼ੇਟਿਵ ਚਾਰਜ ਹੁੰਦੇ ਹਨ। ਜਦੋਂ ਇਹ ਦੋਨੋਂ ਆਪੋ ਵਿੱਚ ਟਕਰਾਉਂਦੇ ਹਨ ਤਾਂ ਦੋਨੋਂ ਹੀ ਨੀਊਟਰੇਲਾਈਜ਼ (Neutralise) ਹੋ ਇਹ ਭੀ ਨੀਊਟਰੋਨ ਵਿਚ ਬਦਲੀ ਹੋ ਜਾਂਦੇ ਹਨ। ਇਸ ਤਰ੍ਹਾਂ ਐਟਮ ਆਪਣਾ ਵਜੂਦ ਖਤਮ ਕਰ ਬੈਠਦਾ ਹੈ। ਐਟਮ ਅੰਦਰ ਪ੍ਰੋਟੋਨ ਤੇ ਨੀਊਟਰੋਨ ਦੀ ਨਾਭ ਤੋਂ 10,000 ਗੁਣਾਂ ਖਾਲੀ ਥਾਂ ਜਾਂ Space ਹੁੰਦੀ ਹੈ। ਉਹ Space ਜਾਂਦੀ ਰਹਿੰਦੀ ਹੈ। ਪੁਲਾੜ ਖਤਮ ਹੋਣ ਨਾਲ ਇਸ ਤਾਰੇ ਦਾ ਆਕਾਰ ਹੋਰ ਘਟ ਜਾਂਦਾ ਹੈ, ਸਿਰਫ 10 ਤੋਂ 15 ਮੀਲ ਦੇ ਘੇਰੇ ਦਾ ਹੀ ਰੈਹ ਜਾਂਦਾ ਹੈ ਜਿਸ ਨੂੰ ਨੀਊਟਰੋਨ ਸਟਾਰ ਆਖਦੇ ਹਨ।

### (ੲ) ਬਲੈਕ ਹੋਲ **(Black Hole)**

ਸੁੰਗੜਨ ਦੀ ਕਿਰਿਆ ਤੋਂ ਘਣਤਾ ਵੱਧਦੀ ਹੈ। ਘਣਤਾ (Density) ਦੇ ਵਧਣ ਨਾਲ ਖਿੱਚ ਸ਼ਕਤੀ (Grayitational Force) ਵੱਧਦੀ ਹੈ। ਖਿੱਚ ਸ਼ਕਤੀ ਦੇ ਵੱਧਣ ਨਾਲ ਖਿੱਚ ਸ਼ਕਤੀ ਦੇ ਖੇਤਰ (Grayitational Field) ਦੀ ਐਸਕੇਪ ਵਿਲਾਸਟੀ (Escape Velocity) ਵੱਧਦੀ ਹੈ। ਐਸਕੇਪ ਵਿਲੌਸਟੀ ਵੱਧਦੀ ਵੱਧਦੀ ਰੌਸ਼ਨੀ ਦੀ ਰਫ਼ਤਾਰ ਤੋਂ ਭੀ ਵੱਧ ਜਾਂਦੀ ਹੈ ਭਾਵ 186000 ਮੀਲ



www.AKJ.Org

ਪ੍ਰਤੀ ਸੈਕੰਡ ਤੋਂ ਭੀ ਵੱਧ ਜਾਂਦੀ ਹੈ। ਜ਼ਮੀਨ ਦੀ ਐਸਕੇਪ ਵੈਲੋਸਿਟੀ 7 ਮੀਲ ਤੇ ਸੂਰਜ ਦੀ 385 ਮੀਲ ਪ੍ਰਤੀ ਸੈਕੰਡ ਹੁੰਦੀ ਹੈ। ਇਸ ਹਾਲਤ ਵਿੱਚ ਪਾਣੀ ਦੇ ਇੱਕ ਕਤਰੇ (ਬੂੰਦ) ਜਿਤਨੀ ਪਰਕਿਰਤੀ ਦਾ ਭਾਰ ਕਈ ਲੱਖ ਟਨ ਹੋ ਜਾਂਦਾ ਹੈ। ਇਸ ਦੀ ਖਿੱਚ ਸ਼ਕਤੀ ਦੇ ਘੇਰੇ ਜਿਸ ਨੂੰ ਈਵੈਂਟ ਹੌਰੇਜ਼ਨ (Event Horizen) ਆਖਦੇ ਹਨ, ਵਿਚ ਆਇਆ ਹੋਇਆ ਕੋਈ ਭੀ ਪਦਾਰਥ ਇਸ ਦੇ ਘੇਰੇ ਵਿਚੋਂ ਬਾਹਰ ਨਹੀਂ ਨਿਕਲ ਸਕਦਾ, ਕਾਰਨ ਇਹ ਕਿ ਇਸਦੀ ਐਸਕੇਪ ਵਿਲਾਸਟੀ 186000 ਮੀਲ ਪ੍ਰਤੀ ਸੈਕੰਡ ਹੈ। ਜੇ ਕੋਈ ਪਦਾਰਥ ਇਸ ਤੋਂ ਵੱਧ ਰਫਤਾਰ ਤੇ ਉੜਦਾ ਹੋਵੇ ਤਦ ਹੀ ਇਸ ਦੀ ਖਿੱਚ ਸ਼ਕਤੀ ਦੀ ਹੱਦ ਤੋਂ ਬਾਹਰ ਨਿਕਲ ਸਕਦਾ ਹੈ। ਆਈਂਸਟਾਈਨ ਦੀਂ ਸਪੈਸ਼ਲ ਰੈਲੇਟਿਵਟੀ ਦੀ ਥਿਊਰੀ ਅਨੁਸਾਰ ਕੋਈ ਭੀ ਸ਼ੈ ਰੋਸ਼ਨੀ ਦੀ ਰਫਤਾਰ ਤੋਂ ਵੱਧ ਰਫਤਾਰ ਪਕੜ ਨਹੀਂ ਸਕਦੀ, ਇਸ ਲਈ ਇਸ ਦੇ ਘੇਰੇ ਵਿੱਚ ਆਈ ਹੋਈ ਕੋਈ ਵੀ ਸ਼ੈ ਬਾਹਰ ਨਹੀਂ ਜਾ ਸਕਦੀ। ਰੋਸ਼ਨੀ ਕਿਸੀ ਚੀਜ਼ ਨਾਲ ਟਕਰਾ ਕੇ ਵਾਪਸ ਆ ਕੇ ਸਾਡੀ ਅੱਖ ਨਾਲ ਟਕਰਾਉਂਦੀ ਹੈ ਤਾਂ ਹੀ ਕੋਈ ਚੀਜ਼ ਸਾਨੂੰ ਨਜ਼ਰ ਆਉਂਦੀ ਹੈ, ਵਰਨਾ ਨਹੀਂ। ਰਾਤ ਸਮੇਂ ਚੀਜ਼ਾਂ ਤਾਂ ਕਮਰੇ ਵਿੱਚ ਮੌਜੂਦ ਹੁੰਦੀਆਂ ਹਨ ਪਰ ਉਨ੍ਹਾਂ ਨਾਲ ਟਕਰਾ ਕੇ ਆਉਣ ਵਾਲੀ ਰੌਸ਼ਨੀ ਨਹੀਂ ਹੁੰਦੀ, ਇਸ ਲਈ ਉਹ ਚੀਜ਼ਾਂ ਮੌਜੂਦ ਹੁੰਦਿਆਂ ਹੋਇਆਂ ਭੀ ਸਾਨੂੰ ਨਜ਼ਰ ਨਹੀਂ ਆਉਂਦੀਆਂ। ਚੂੰਕਿ ਇਸ ਨੀਊਟਰੋਨ ਤਾਰੇ ਤੋਂ ਰੌਸ਼ਨੀ ਬਾਹਰ ਨਹੀਂ ਜਾ ਸਕਦੀ ਇਸ ਲਈ ਤਾਰਾ ਮੌਜੂਦ ਹੁੰਦਿਆਂ ਹੋਇਆਂ ਭੀ ਸਾਨੂੰ ਨਜ਼ਰ ਨਹੀਂ ਆਉਂਦਾ, ਇਸੇ ਲਈ ਇਸ ਤਾਰੇ ਨੂੰ ਕਾਲਾ ਮਘੋਰਾ ਜਾਂ Black Hole ਆਖਦੇ ਹਾਂ। ਇਸ ਦੇ ਖਿੱਚ ਖੇਤਰ ਵਿੱਚ ਆਇਆ ਪਦਾਰਥ ਬਾਹਰ ਨਹੀਂ ਜਾ ਸਕਦਾ, ਇਸ ਕਾਰਨ ਉਹ ਆਪਣਾ ਵਜੂਦ ਹੀ ਗੁੰਮ ਕਰ ਬੈਠਦਾ ਹੈ। ਇਸ ਤਰ੍ਹਾਂ ਇਹ ਕਾਲੇ ਮਘੋਰੇ ਸੰਸਾਰ ਅੰਦਰ ਪਰਕਿਰਤੀ ਦੇ ਨਾਸ ਦਾ ਕਾਰਨ ਬਣਦੇ ਹਨ।

ਸਾਡੀ ਜ਼ਮੀਨ ਆਪਣੇ ਗਿਰਦ ਇਕ ਚੱਕਰ 24 ਘੰਟੇ ਵਿੱਚ ਪੂਰਾ ਕਰਦੀ ਹੈ ਪਰ ਨੀਊਟਰੋਨ ਸਟਾਰ ਆਪਣੇ ਗਿਰਦ ਇਕ ਸੈਕੰਡ ਵਿੱਚ 1000 ਚੱਕਰ ਕੱਟਦਾ ਹੈ। ਇਤਨੀ ਤੇਜ਼ ਰਫਤਾਰੀ ਕਾਰਨ ਸੈਂਟਰੀਫੀਊਗਲ ਫੋਰਸ (Centrifuigal Force) ਕੇਂਦਰ ਦੇ ਪਦਾਰਥ ਨੂੰ ਬਾਹਰ ਵੱਲ ਖਿਚਦੀ ਹੈ ਤੇ ਕੇਂਦਰ ਵਿੱਚ ਇੱਕ ਮਘੋਰਾ ਬਨਣਾ ਸ਼ੁਰੂ ਹੋ ਜਾਂਦਾ ਹੈ ਜਿਸ ਦਾ ਮੂੰਹ ਉਪਰੋਂ ਚੌੜਾ ਤੇ ਨਿਚਲੇ ਪਾਸੇ ਤੰਗ ਹੋ ਜਾਂਦਾ ਹੈ। ਇਹ ਮਘੋਰਾ ਤਾਰੇ ਦੇ ਕੇਂਦਰ ਦੇ ਆਰ ਪਾਰ ਕੀਫ (Funnal) ਦੀ ਸ਼ਕਲ ਦਾ ਬਣ ਜਾਂਦਾ ਹੈ। ਇਸ ਸਿਧਾਂਤ ਨੂੰ ਇਸ ਮਿਸਾਲ ਦੀ ਮਦਦ ਨਾਲ ਭੀ ਸਮਝ ਸਕਦੇ ਹਾਂ, ਕ੍ਰਿਆ ਤੁਸੀਂ ਆਪਣੇ ਹੱਥ ਨੂੰ ਪਾਣੀ ਲੱਗਣ ਤੋਂ ਬਗੈਰ ਸਮੁੰਦਰ ਦੀ ਤੈਹ ਵਿਚੋਂ ਮਿੱਟੀ ਲਿਆ ਸਕਦੇ ਹੋ ? ਹਾਂ। ਉਹ ਕਿਵੇਂ ? ਜਦੋਂ ਕਿਸੇ ਤੇਜ਼ ਤੁਫਾਨ ਸਮੇਂ ਸਮੁੰਦਰ ਦੇ ਕਿਸੀ ਐਸੇ ਹਿੱਸੇ ਵਿੱਚ, ਜਿਥੇ ਪਾਣੀ ਬਹੁਤਾ ਡੂੰਘਾ ਨਾ ਹੋਵੇ ਤਾਂ ਤੇਜ਼ ਵਾਵਰੋਲੇ (Cyclone) ਦੇ ਕਾਰਨ ਪਾਣੀ ਦੀ ਤੈਹ ਉਪਰ ਭੰਵਰ ਬਨਣ ਲੱਗ ਪੈਂਦਾ ਹੈ। ਇਹ ਭੰਵਰ ਇੱਕ ਮੀਟਰ ਤੋਂ ਲੈ ਕੇ ਇਕ ਕਿਲੋਮੀਟਰ ਦੇ ਘੇਰੇ ਦਾ ਭੀ ਹੋ ਸਕਦਾ ਹੈ। ਜਿਉਂ ਜਿਉਂ ਵਾਵਰੋਲਾ ਤੇਜ਼ ਹੁੰਦਾ ਜਾਂਦਾ ਹੈ ਇਹ ਭੰਵਰ ਵੀ ਗਹਿਰਾ ਹੁੰਦਾ ਹੁੰਦਾ ਸਮੁੰਦਰ ਦੀ ਤੈਹ ਤੱਕ ਨੂੰ ਨੰਗਾ ਕਰ ਦਿੰਦਾ ਹੈ। ਕਿਤੇ ਕਿਤੇ ਤਾਂ ਇਹ ਸਮੁੰਦਰ ਦੀ ਤੈਹ ਦੀ ਮਿੱਟੀ ਭੀ ਬਾਹਰ ਹਵਾ ਵਿਚ ਜਾ ਉੜਾਉਂਦਾ ਹੈ ਅਤੇ ਸਮੁੰਦਰ ਦੇ ਆਰ ਪਾਰ ਉਪਰੋਂ ਚੌੜਾ ਤੇ ਨੀਚੇ ਤੋਂ ਤੰਗ ਕੀਫ (Funnal) ਦੀ ਸ਼ਕਲ ਦਾ ਮਘੋਰਾ ਹੋ ਜਾਂਦਾ ਹੈ। ਇਸੀ ਤਰ੍ਹਾਂ ਦੀ ਨਿਊਟਰੋਨ ਸਟਾਰ ਦੇ ਕੇਂਦਰ ਵਿੱਚ ਸੈਂਟਰੀਫੀਊਗਲ ਫੋਰਸ ਦੇ ਕਾਰਨ ਤਾਰੇ ਦੇ ਆਰ ਪਾਰ ਮਘੋਰਾ ਬਣ ਜਾਂਦਾ ਹੈ। ਬਾਹਰ ਤੋਂ ਕੋਈ ਭੀ ਪਦਾਰਥ ਜੋ ਇਸ ਤਾਰੇ ਵੱਲ ਖਿਚਿਆ ਜਾਂਦਾ ਹੈ ਉਹ ਇਸ ਮਘੋਰੇ ਵਿਚੋਂ ਲੰਘ ਇਸ ਮਾਤ ਲੋਕ ਵਿੱਚੋਂ ਅਲੋਪ ਹੋ ਕਿਸੀ ਹੋਰ ਲੋਕ ਵਿੱਚ ਪਹੁੰਚ ਜਾਂਦਾ ਹੈ, ਦੂਸਰੇ ਲੋਕ (Universe) ਵਿੱਚ ਕਿਸੀ ਪ੍ਰਤੀ-ਪਰਕਿਰਤੀ (Anti-Matter) ਨਾਲ ਟਕਰਾ ਭਸਮ (Annihilate) ਹੋ ਜਾਂਦਾ ਹੈ ਤੇ ਆਪਣੀ ਹਸਤੀ ਗੁਆ ਬੈਠਦਾ ਹੈ।

ਹੁਣ ਸੁਆਲ ਇਹ ਰੈਹ ਗਿਆ ਕਿ ਕੋਈ ਪਦਾਰਥ ਇਸ ਕਾਲੇ ਮਘੋਰੇ (Black Hole) ਵਿੱਚੋਂ ਲੰਘ, ਦੂਜੇ ਪਾਸੇ ਜਾਂ, ਕਿਸੀ ਹੋਰ ਲੋਕ ਵਿੱਚ ਕਿਵੇਂ ਪਹੁੰਚਿਆਂ ? ਦਰਅਸਲ ਆਪ ਜੀ ਦੇ ਇਸ ਸਵਾਲ ਦਾ ਜਵਾਬ ਦੇਣ ਲਈ ਹੀ Black hole ਦੇ ਸਿਧਾਂਤ ਦੀ ਲੰਮੀ ਚੌੜੀ ਕਹਾਣੀ ਬਿਆਨ ਕਰਨੀ ਪਈ। ਪਿੱਛੇ ਮਿਸਟਰ ਆਇਨਸਟਾਈਨ ਦੀ ਸਪੈਸ਼ਲ ਰੈਲੇਟਿਵਟੀ ਦੇ ਸਿਧਾਂਤ ਵਿੱਚ ਅਸੀਂ ਪੜ੍ਹ ਆਏ ਹਾਂ ਕਿ ਜਦੋਂ ਕੋਈ ਭੀ ਸ਼ੈ ਰੌਸ਼ਨੀ ਦੀ ਰਫਤਾਰ ਤੱਕ ਪਹੁੰਚ ਜਾਵੇ ਤਾਂ ਉਸ ਦੀ ਘੜੀ ਦੀਆਂ ਸੂਈਆਂ ਅੱਗੇ ਚੱਲਣ ਤੋਂ ਰੁਕ ਜਾਂਦੀਆਂ ਹਨ। ਜੋ ਜੀਵ ਇਸ ਅਵਸਥਾ ਤੇ ਪਹੁੰਚ ਜਾਵੇ ਉਹ ਜਿਸ ਉਮਰ ਵਿੱਚ ਉਥੇ ਪਹੁੰਚਿਆ ਸੀ, ਜ਼ਮੀਨ ਤੇ ਲੱਖਾਂ ਕਰੋੜਾਂ ਸਾਲ ਬੀਤ ਜਾਣ ਤੇ ਭੀ ਉਸੀ ਉਮਰ ਦਾ ਹੀ ਰਹੇਗਾ, ਦੂਸਰੇ ਲਫ਼ਜ਼ਾਂ ਵਿੱਚ ਅਸੀਂ ਆਖ ਸਕਦੇ ਹਾਂ ਕਿ


www.AKJ.Org

'ਅਕਾਲ' ਜਾਂ Time less ਅਵੱਸਥਾ ਤੇ ਪਹੁੰਚਿਆਂ ਅਮਰ ਹੋ ਜਾਈਦਾ ਹੈ। ਰੈਲੇਟਿਵਟੀ ਦੇ ਇਸੀ ਸਿਧਾਂਤ ਅਨੁਸਾਰ ਜਿਥੇ ਕਾਲ, ਸਮਾਂ ਜਾਂ Time ਨਹੀਂ ਉਥੇ ਪੁਲਾੜ, ਖਾਲੀ ਥਾਂ ਜਾਂ Space ਭੀ ਨਹੀਂ ਰੈਹੰਦੀ। Time ਅਤੇ Space ਆਪੋ ਵਿੱਚ ਓਤ ਪੋਤ ਜਾਂ ਲਾਜ਼ਮ ਤੇ ਮਲਜ਼ੂਮ ਹਨ। ਜਿਥੇ ਪੁਲਾੜ ਜਾਂ Space ਨਹੀਂ ਉਥੇ ਉਪਰ, ਥੱਲੇ, ਸੱਜੇ ਖੱਬੇ, ਚੜ੍ਹਦਾ ਲੈਹੰਦਾ, ਪੱਛੇ ਜਾਂ ਦੱਖਣ ਆਦਿ ਲਫਜ਼ ਆਪਣਾ ਅਰਥ ਹੀ ਗੁਆ ਬੈਠਦੇ ਹਨ, ਸਭ ਕੁਝ ਇਥੇ (Here) ਹੀ ਆ ਮੌਜੂਦ ਹੁੰਦਾ ਹੈ। ਇਥੇ ਕੋਈ ਫਾਸਲਾ ਨਹੀਂ ਹੁੰਦਾ ਜਿਸ ਦਾ ਸਫ਼ਰ ਕਰਨਾ ਪਵੇ। ਜਿਵੇਂ ਉਪਰ ਪੜ੍ਹ ਆਏ ਹਾਂ ਕਿ ਮਾਤ ਲੋਕ ਵਿਚ ਰੌਸ਼ਨੀ ਦੀ ਰਫ਼ਤਾਰ ਤੇ ਚੱਲਿਆਂ ਭੀ ਕਈ ਥਾਈਂ ਪਹੁੰਚਣ ਲਈ ਕਈ ਖਰਬ ਸਾਲ ਦਾ ਸਮਾਂ ਲੱਗਦਾ ਹੈ ਉਥੇ ਇਸ ਪੁਲਾੜ ਰੈਹਤ ਜਾਂ Space-less ਹਾਲਤ ਵਿੱਚ ਇਕ ਪੈਰ ਤੁਹਾਡਾ ਇਸ ਧਰਤੀ ਤੇ ਹੈ ਤਾਂ ਅਗਲਾ ਪੈਰ ਖਰਬਾਂ ਪ੍ਰਕਾਸ਼ ਵਰ੍ਹੇ ਦੇ ਫਾਸਲੇ ਤੇ ਪਹੁੰਚਣ ਲਈ ਇਕ ਛਿਨ ਭੀ ਨਹੀਂ ਲੱਗਦਾ। ਦਰ ਅਸਲ ਉਥੇ ਸਮਾਂ ਜਾਂ Time ਨਾਮ ਦਾ ਕੋਈ ਵਜੂਦ ਹੀ ਨਹੀਂ ਹੁੰਦਾ। ਉਸੀ ਸਮੇਂ ਹੀ ਜਾਂ At the very instant, ਤੁਸੀਂ ਇਕ ਤਾਰੇ ਤੋਂ ਦੂਸਰੇ ਤਾਰੇ ਤੇ ਹੀ ਨਹੀਂ, ਸਗੋਂ ਇਕ ਲੋਕ (Universe) ਤੋਂ ਦੂਸਰੇ ਲੋਕ ਵਿੱਚ ਪਹੁੰਚ ਜਾਂਦੇ ਹੋ।

ਨੀਉਟਰੋਨ ਸਟਾਰ ਜਾਂ Black hole ਨੇ 'ਅਕਾਲ' ਅਤੇ 'ਪੁਲਾੜ ਰੈਹਤ' ਜਾਂ Time-less ਅਤੇ Space-less ਹਾਲਤ ਕਿਵੇਂ ਪਰਾਪਤ ਕੀਤੀ ? ਆਪ ਜੀ ਉਪਰ ਪੜ੍ਹ ਆਏ ਹੋ ਕਿ ਇਸ ਸਟਾਰ ਦੇ ਚਾਰ ਚੌਂਫੇਰੇ ਜਿਥੋਂ ਤੱਕ ਇਹ ਕਿਸੀ ਸ਼ੈ ਨੂੰ ਖਿੱਚ ਸਕਦੀ ਹੈ, ਉਥੋਂ ਤੱਕ ਬਣੀ ਰੈਹੰਦੀ ਹੈ। ਇਸ ਬੇਅੰਤ ਖਿੱਚ ਸ਼ਕਤੀ ਦੇ ਕਾਰਨ ਇਸ ਸਟਾਰ ਦੀ ਐਸਕੇਪ ਵੈਲੋਸਿਟੀ (Escape Velocity) ਰੌਸ਼ਨੀ ਦੀ ਰਫ਼ਤਾਰ ਤੋਂ ਭੀ ਵੱਧ ਹੋ ਜਾਂਦੀ ਹੈ। ਜਿਸ ਕਾਰਨ ਇਸ ਦੀ ਪਦਾਰਥਕ ਖਿਚ ਦਾ ਖੇਤਰ 'ਅਕਾਲ' (Timeless) ਅਤੇ ਪੁਲਾੜ ਰੈਹਤ (Spaceless) ਬਣ ਜਾਂਦਾ ਹੈ।

**(ਸ) ਆਇਨਸਟਾਈਨ–ਰੋਜ਼ਨ ਬਰਿਜ (Einstine-Rosan Bridge)**

ਉਪਰ ਬਿਆਨ ਹੋਏ ਦੂਰ ਦੁਰਾਡੀ ਵਿਥ ਨੂੰ ਜੋੜਨ ਦੇ ਸਿਧਾਂਤ ਨੂੰ ਸਾਇੰਸਦਾਨ ਆਇਨਸਟਾਈਨ–ਰੋਜ਼ਨ ਬਰਿਜ (Einstine-Rosan Bridge) ਦਾ ਨਾਮ ਦਿੰਦੇ ਹਨ। ਇਸ ਸਿਧਾਂਤ ਦੀ ਵਿਆਖਿਆ ਉਹ ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ :-

A timeless passage that interconnects different regions of our Universe and an immeasurable fraction of a second later, emerges in an other and distant part of space.

ਭਾਵ– ਇੱਕ ਸਮਾਂ ਰੈਹਤ ਰਸਤਾ ਜੋ ਸਾਡੇ ਸੰਸਾਰ ਦੇ ਵਖੋ ਵੱਖਰੇ ਤਬਕਿਆਂ ਨੂੰ ਆਪੋ ਵਿੱਚ ਜੋੜਦਾ ਹੈ ਅਤੇ ਇਕ ਸੈਕੰਡ ਦੇ ਇਕ ਇਕ ਤਿਹਾਈ ਛੋਟੇ ਜੇਹੇ ਐਸੇ ਹਿੱਸੇ ਵਿਚ ਜੋ ਨਾਪਿਆ ਭੀ ਨਹੀਂ ਜਾ ਸਕਦਾ, ਵਿਚ ਪੁਲਾੜ ਦੇ ਇਕ ਹੋਰ ਦੂਰ ਦੁਰਾਡੇ ਫਾਸਲੇ ਤੇ ਪਹੁੰਚਾ ਦਿੰਦਾ ਹੈ।

ਬਲੈਕ ਹੋਲਜ਼ ਦਾ ਸਿਧਾਂਤ ਆਇੰਨਸਟਾਈਨ ਨੇ ਪੇਸ਼ ਕੀਤਾ ਸੀ ਜੋ ਸੰਸਾਰ ਦੀ ਪਰਕਿਰਤੀ ਨੂੰ ਨਿਗਲ ਕੇ ਨਸ਼ਟ ਕਰੀ ਜਾਂਦੇ ਹਨ। ਦੂਸਰੇ ਪਾਸੇ ਮਿਸਟਰ ਰੋਜ਼ਨ ਨੇ ਵਾਈਟ ਹੋਲਜ਼ (White Holes) ਦੀ ਦਰਿਆਫਤ ਕੀਤੀ ਜੋ ਕਿਸੀ ਦੂਸਰੇ ਲੋਕ (Universe) ਤੋਂ ਪਰਕਿਰਤੀ ਖਿਚ ਕੇ ਸਾਡੇ ਸੰਸਾਰ ਵਿੱਚ ਉਗਲ ਰਹੇ ਹਨ। ਇਸ ਤਰ੍ਹਾਂ ਬਲੈਕ ਹੋਲਜ਼ ਦੇ ਪਾਏ ਹੋਏ ਘਾਟੇ ਨੂੰ ਪੂਰਾ ਕਰੀ ਜਾਂਦੇ ਹਨ। ਇਸ ਕਰਕੇ ਹੀ 'ਸਮਾਂ ਰੈਹਤ' ਤੋਂ ਦੂਰ ਦੁਰਾਡੇ ਸਫਰ ਦੇ ਸਿਧਾਂਤ ਨੂੰ ਇਨ੍ਹਾਂ ਦੋਨਾਂ ਸਾਇੰਸਦਾਨਾਂ ਦੇ ਨਾਮ ਤੇ ਆਇਸਟਾਈਨ–ਰੋਜ਼ਨ ਬਰਿਜ Einstine-Rosan Bridge ਦਾ ਨਾਮ ਦਿੱਤਾ ਗਿਆ ਹੈ। ਵਾਈਟ ਹੋਲਜ਼ ਦੀ ਰੌਸ਼ਨੀ ਕੋਈ ਇੱਕ ਖਰਬ ਸੂਰਜਾਂ ਸਮਾਨ ਹੁੰਦੀ ਹੈ ਜਦੋਂ ਕਿ ਉਪਰ ਬਿਆਨ ਹੋ ਚੁੱਕੇ ਕੁਐਸ਼ਰਜ਼ ਦੀ ਰੌਸ਼ਨੀ ਭੀ ਇਕ ਖਰਬ ਸੂਰਜਾਂ ਸਮਾਨ ਹੀ ਹੁੰਦੀ ਹੈ। ਕਈ ਸਾਇੰਸਦਾਨ ਇਹ ਭੀ ਸੋਚਦੇ ਹਨ ਕਿ ਕਿਤੇ ਕੁਐਸ਼ਰਜ ਹੀ ਤਾਂ ਵਾਈਟ ਹੋਲਜ਼ (White holes) ਤਾਂ ਨਹੀਂ ?

ਜੋ ਕੁੱਝ ਭੀ ਉਪਰ ਬਿਆਨ ਹੋਇਆ ਹੈ, ਹਾਲੇ ਸਿਰਫ਼ ਸਿਧਾਂਤਕ ਰੂਪ ਵਿੱਚ ਹੀ ਹੈ। ਇਸ ਨੂੰ ਅਮਲੀ ਰੂਪ ਦੇਣ ਲਈ ਤੇ ਅੰਤਰ–ਗਰੈਹੀ (Inter-Stellar) ਸਫਰ ਕਰਨ ਲਈ ਸਾਇੰਸਦਾਨਾਂ ਦੇ ਵਿਚਾਰ ਅਨੁਸਾਰ ਪੰਜ ਤੋਂ ਛੇ ਸੌ ਸਾਲ ਦਾ ਸਮਾਂ ਲੱਗ ਸਕਦਾ ਹੈ। ਬਲੈਕ–ਹੋਲਜ਼ ਦੀ Gravitational Field ਤੋਂ ਬਾਹਰ ਨਿਕਲਣ ਲਈ ਇਸ ਦੀ ਐਸਕੇਪ ਵੈਲੌਸਿਟੀ 186000 ਮੀਲ ਪ੍ਰਤੀ ਸੈਕੰਡ ਤੋਂ ਵੱਧ ਰਫ਼ਤਾਰ ਹੋਵੇਗੀ ਤਾਂ ਹੀ ਅਸੀਂ ਇਸ ਤੋਂ ਬਾਹਰ ਨਿਕਲ ਸਕਾਂਗੇ। ਘਟ ਤੋਂ ਘਟ ਇਸ ਦੇ ਬਰਾਬਰ ਦੀ ਰਫ਼ਤਾਰ ਤਾਂ ਜ਼ਰੂਰ ਚਾਹੀਦੀ ਹੈ ਜੋ ਹਾਲੇ ਨੇੜਲੇ ਭਵਿੱਖ ਵਿੱਚ ਸੰਭਵ ਨਜ਼ਰ ਨਹੀਂ ਆਉਂਦੀ। ਇਸ ਸਟੇਜ ਤੇ ਪਹੁੰਚਣ ਲਈ ਸਾਇੰਸਦਾਨਾਂ ਨੂੰ ਹਾਲੇ ਸ਼ਾਇਦ ਸੈਂਕੜੇ ਸਾਲ ਲੱਗ ਜਾਣਗੇ। (ਚਲਦਾ)



www.AKJ.Org

# FUNDAMENTALS OF GURSIKHI

(S. Jaspinder Singh, Canada)

* **Zestfulness** (ਉਦਮ) is placed first among the fundamental qualities of a Gursikh. It is this initiating action of zestfulness, which enables him to leave bed early in the morning to take bath and engage in spiritual routine of Nam-meditation, Nit-Nem, joining holy congregation to Sing Gurbani and start the daily life of honest labour and service on a positive note.

* A Gursikh has to be zestful in declaring 'Who he is' through his Bana (uniform), have intense love for Gurbani ( the word Guru) to derive all his practical wisdom, to imbibe and ingest the Divine-Nam always and look forword to serve God through his creation. It is therefore intended to discuss the following in greater detail as Sikh way of life.

**(I) Bana (II) Bani (III) Simran (IV) Sewa**

**(I) BANA**

* The look of a person speaks a thousand words about one's identity and personality traits. A particular form (Bana) indentifies the individual with a group of army or a team, etc. This is a matter of individual pride, the urge to perform better is stronger and the sense of belonging helps develop heathy relationships.

* Guru Gobind Singh Ji prescribed Bana to distinguish lions from the sheep. He had the Divine Commandment to create a band of The Pure (Khalsa), the saint soldiers as a culmination of the spiritual process of Guru Nanak.

* There is no doubt about the underlying wisdom in selecting the Bana. There are books of philosophy on the Five Kakkars. However it should suffice for us as the *strongest reason for our Bana, that it gives us a sense of belonging to Guru Gobind Singh Ji as our spiritual Father and Mata Sahib Kaur Ji as our Spiritual Mother.* Other justification, how so ever valid and scientific, can always be questioned with counter arguments and doubts created in weak minds or for the purpose of expediency by individuals.

* Thus it is set of two turbans on top of a clean, combed tress-knot on the top of head that lend a Sikh's personality a regal touch. A flowing beard gives the bearing of a saint. The steel bangle in right hand, sword worn across the chest and the typical shorts go to complete the Kakkars in addition to turban over the unshorn and well kept hair and a wooden comb. This is the insignia of a Gursikh, to distinguish him from others.

* It is this Bana, that tells the world, that here is the person, who is a friend of the weak, the hapless, ready to fight all injustice. That his prayer is for the welfare and well being of all without distinction. Willing to share the fruits of his hard labour and extend the protection of the sword in the Name of God to those who seek shelter against tyranny.

**II) BANI**

* The rules are prescribed for both the visible outer form, the five Kakkars, and for the inner discipline for a Gursikh during Beptism Ceremony. The Divine Word is not only told, but also the meditation practice given to the individual under supervision. With the initiation to both aspects of living, it is then upto the individual to imbibe their import in mind and mold the life according to articles of faith.

* The Eternal Guru, Sri Guru Granth Sahib (S.G.G.S.) provides the spiritual solace and bliss to a seeking devotee. It is like the



www.AKJ.Org

complete, nourishing food for the spirit, which a Gursikh partakes as often as possible in addition to the daily reciation of minimum, prescribed Banis of Jap Ji, Jaap Sahib, Tav Prasad Swaiye, Kabio-batch Benti chaupai, Anand sahib in the morning. So-dar Rehras in the evening and Sohila before retiring for the night. A Gursikh tries to avail of opportunities to attend holy congregations-Sadh Sangat, to listen to Katha and Kirtan and recite or listen to the reading of S.G.G.S.

ੴ ਸਤਿਗੁਰ ਪ੍ਰਸਾਦਿ।।

ਜੈਤਸਰੀ ਮ: ੪ ਘਰ ੨ ਚਉਪਦੇ।। (੬੯੬)

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ।। ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮ ਦੀਓ ਰਿਨੁ ਲਾਥਾ।।੧।। ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ।। ਗੁਰਿ ਪੂਰੈ ਹਰਿਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ।। ਰਹਾਉ।। ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ।। ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮ ਅਕਾਥਾ।।੨।। ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ।। ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ।।੩।। ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ।। ਹਮ ਅੰਧਲੇ ਕਉ ਗੁਰ ਅੰਚਲ ਦੀਜੈ ਜਨ ਨਾਨਕ ਚਲਹ ਮਿਲੰਥਾ।।੪।।੧।।

Guru Ramdas Ji, Fourth Nanak on page 696 of S.G.G.S. in Jaitsari rag.

The Absolute Guru has established The Divine Word in my mind to make my life worth-while and meaningful. O, my mind contemplate always thou on The Divine Word for fulfilment of life. (Pause)

With the Grace of the Guru, the most precious, Divine Word, is rooted in my mind. Thus the filth of all the past sins and my afflictions have been washed away-1.

Devoid of the Guru's wisdom, the self-willed fools go astray and get caught in the web of worldly attachments of sufferings. Without the Saintly guidance, their human life goes waste-2.

Those, who cherish Saintly company, derive the benefit of the wisdom to find fulfilment of their human goal, of God Realization. O, Lord ! bless me to be a humble servant of the servants of the divine ones-3.

How can an ignorant fool like me ever tread the path of righteousness ? O, Guru, the Enlightener, bless me with Thy own shelter. Says Nanak, thus alone through Thy Divine guidance, can I hope to see the light and tread the path of righteousness along with the holy ones-4

ਧਨਾਸਰੀ ਮਹਲਾ ੫।। (੬੮੧)

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸੀਤਲ ਤਨੁ ਮਨੁ ਛਾਤੀ।। ਰੂਪ ਰੰਗ ਸੂਖ ਧਨੁ ਜੀਅ ਕਾ ਪਾਰਬ੍ਰਹਮ ਮੋਰੈ ਜਾਤੀ।।੧।। ਰਸਨਾ ਰਾਮ ਰਸਾਇਣਿ ਮਾਤੀ।। ਰੰਗ ਰੰਗੀ ਰਾਮ ਅਪਨੇ ਕੈ ਚਰਨ ਕਮਲ ਨਿਧਿ ਥਾਤੀ।। ਰਹਾਉ।। ਜਿਸ ਕਾ ਸਾ ਤਿਨ ਹੀ ਰਖਿ ਲੀਆ ਪੂਰਨ ਪ੍ਰਭ ਕੀ ਭਾਤੀ।। ਮੇਲ ਲੀਓ ਆਪੇ ਸੁਖਦਾਤੈ ਨਾਨਕ ਹਰਿ ਰਾਖੀ ਪਾਤੀ।।੨।।੧੨।।੪੩।।

Ever reciting the Divine Word, the tongue gets imbibed in elixir of Nam. Thus imbued with Divine thought, one collects the True Wealth of Nam. (Pause)

Contemplating of the Lord, I enjoy bliss of body and mind. I have lost my identity in the Lord. My being, wealth, comfort, caste and my all belong to the Lord-1.

The Lord has graced me with His shelter, such is the Divine Mercy. Says Nanak, The Lord of all Bliss has taken me unto Himself and thus saved the honor of His devotee- 2. 12. 43 (681)



www.AKJ.Org

**(III) SIMRAN**

The Panacea of Nam-meditation is proclaimed throughout S.G.G.S.. A Gursikh is given a good practice of this during Baptism ceremony. The opening of the first Octet of Sukhmani Sahib lays stress on Nam Simran as the way to enjoy Bliss and riddance of all afflictions.

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥

There are specific instructions for Nam Simran, in Gurbani.

ਗਉੜੀ ਕੀ ਵਾਰ ਮਹਲਾ ੪॥ (੩੦੫)

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥

The One, who claims to be the devotee of Sat Guru adheres to the following Schedule. He gets up early morning for Nam-meditation. Casting away all laziness, he takes daily bath and then merges his mind completely in Nam-meditation. Thus meditating, his mind is rid of all the afflictions and sins and gets pure. As the day dawns, he engages in singing Divine Parise, Gurbani. He remembers the Lord at all times, whether relaxing or engaged in a duty. A devotee, who thus contemplates on Nam with every breath and even while ingesting food, such a one is truly loved by the Guru.

**(IV) SEWA**

A dedicated Gursikh, following the tenets of Gursikhi, while drawing nearer to God becomes more and more humble. He sees the entire universe as God's play and also the Presence of God everywhere and in His Creation. As an act of devotion, he feels privileged to serve all of the creation in the name of the Lord.

The fundamental teaching of Guru Nanak, as illustrated by his own life, is to earn one's bread with sweat of the brow, to remember God and to share the fruits of one's own labour with fellow-beings. Thus Kartarpur was a spiritual school to impart teachings of the Guru as also the workshop to mold the characters of his followers in the fields. That is where his idea of 'Sacha Sauda' (True Bargain) thrived in the institution of free Kitchen.

To be able to serve, one has to acquire humility of spirit. Any offerings and donations without a sense of humility are feed for the self-ego and futile. One can observe this from the way people make their offerings while bowong before S.G.G.S. Some just throw it and look around whether their offering has been noticed by others, while some others make it most humbly conscious of the Divine Presence.

ਸਲੋਕ ਮ: ੩ (ਸਾਰੰਗ ਕੀ ਵਾਰ ਮ: ੪ (੧੨੪੭)

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ॥ ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ॥ ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ॥ ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥ ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰਧਾਰਿ॥੧॥ (੨੭)

So long as the mind is lost to worldliness, attachment, suffers from self-ego and pride, it is not possible to dedicate to Nam meditation and enjoy the Bliss of Nam. The mere act of Divine Service of such a person is futile and instead of spiritual bliss, he continues to suffer the afflictions of



www.AKJ.Org

worldliness of frustrated anger. O' Nanak, the true devotee is he, who offers his all without any reservation. He accepts the Divine Will and the Divine Word dwells in his heart.

ਆਸਾ ਮਹਲਾ ੫।। (੪੫੭)

ਆਉ ਸਖੀ ਸੰਤ ਪਾਸਿ ਸੇਵਾ ਲਾਗੀਐ।। ਪੀਸਉ ਚਰਣ ਪਖਾਰਿ ਆਪੁ ਤਿਆਗੀਐ।। ਤਜਿ ਆਪੁ ਮਿਟੈ ਸੰਤਾਪੁ ਆਪੁ ਨ ਜਾਣਾਈਐ।। ਸਰਣਿ ਗਹੀਜੈ ਮਾਨਿ ਲੀਜੈ ਕਰੇ ਸੋ ਸੁਖੁ ਪਾਈਐ।। ਕਰਿ ਦਾਸ ਦਾਸੀ ਤਜਿ ਉਦਾਸੀ ਕਰ ਜੋੜਿ ਦਿਨੁ ਰੈਣਿ ਜਾਗੀਐ।। ਨਾਨਕੁ ਵਖਾਣੈ ਗੁਰ ਬਚਨਿ ਜਾਣੈ ਆਉ ਸਖੀ ਸੰਤ ਪਾਸਿ ਸੇਵਾ ਲਾਗੀਐ।।੩।। ਜਾ ਕੈ ਮਸਤਕਿ ਭਾਗਿ ਸਿ ਸੇਵਾ ਲਾਇਆ।। ਤਾ ਕੀ ਪੂਰਨ ਆਸ ਜਿਨੑ ਸਾਧਸੰਗੁ ਪਾਇਆ।। ਸਾਧਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ।। ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ।। ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ।। ਨਾਨਕੁ ਵਖਾਣੈ ਗੁਰ ਬਚਨਿ ਜਾਣੈ ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ।।੪।।੪।।੭।।

O, friend ! come, let us go to serve the Guru. I shall wash the holy feet and grind for the free Kitchen, as acts of devotion. Discarding the self-ego, I shall be rid of my sorrows. With implicit obedience to the Guru and complete negation of the self, I shall rejoice in His Will. As the most numble servant, I Shall ever wait on Him with folded hands, ready for any service. Says Nanak, O, friend ! the Divine wisdom comes through Guru's word, so come, let us engage in the Guru's service-3

It is a Divine Blessing to engage in the Guru's service. This leads to complete fulfilment. In the holy company one gets imbued with Nam-meditation and all illusion, attachments, worldly evils are discarded. The mind gets filled with bliss, Divine-love, equipoise and one sings Divine Praise. Says Nanak, Guru's Word leads to Divine-wisdom. Only the one, Divinely blessed, is engaged in the service of the Guru- 4-4-7.

*****

## 'ਸੂਰਾ' ਮਾਰਚ, ੧੯੯੬ ਵਿੱਚ ਦਿੱਤੇ ਬੱਚਿਆਂ ਲਈ ਸਵਾਲਾਂ ਦੇ ਜਵਾਬ

੧. ਸਵਾਲ ਵਿੱਚ ਲਿਖੇ ਸ਼ਬਦ ਭਗਤ ਸਿੰਘ ਨੇ ਲਾਹੌਰ ਸੈਂਟਰਲ ਜੇਲ੍ਹ ਵਿੱਚ ਭਾਈ ਸਾਹਿਬ ਰਣਧੀਰ ਸਿੰਘ ਨਾਲ ਮੁਲਾਕਾਤ ਵੇਲੇ ਕਹੇ ਅਤੇ ਉਸ ਨੇ ਅੱਗੇ ਤੋਂ ਕੇਸ ਨਾ ਕਟਵਾਉਣ ਦੀ ਪ੍ਰਤਿਗਿਆ ਕੀਤੀ।

੨. 'ਵਾਰ ਸ੍ਰੀ ਭਗੌਤੀ ਜੀ ਕੀ' ਦੇ ਆਰੰਭ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੰਬੰਧ ਵਿੱਚ ਇਹ ਸ਼ਬਦ ਲਿਖੇ ਹੋਏ ਹਨ- "ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ।।"

ਏਹੋ ਸ਼ਬਦ ਪੰਥਕ ਅਰਦਾਸ ਦਾ ਅੰਗ ਹਨ। ਇਨ੍ਹਾਂ ਵਿੱਚ ਅੱਖਰ ਵਾਧਾ ਘਾਟਾ ਕਰਨ ਦਾ ਕਿਸੇ ਨੂੰ ਕੋਈ ਹੱਕ ਨਹੀਂ। ਸੋ ਸਾਨੂੰ ਅਰਦਾਸ ਵਿੱਚ ਆਪਣੇ ਕੋਲੋਂ ਵਿਸ਼ੇਸ਼ਨ ਲਗਾ ਕੇ ਬੋਲਣ ਦੀ ਥਾਂ -
'ਤੇਗ ਬਹਾਦਰ ਸਿਮਰਿਐ' ਹੀ ਕਹਿਣਾ ਚਾਹੀਦਾ ਹੈ।

੩. "ਸੂਆ ਪੜਾਵਤ ਗਨਿਕਾ ਤਰੀ" ਵਿੱਚ 'ਸੂਆ' ਦੇ ਅਰਥ ਹਨ ਤੋਤਾ।

- ਇਸ ਤੋਂ ਵੱਖਰੇ ਅਰਥਾਂ ਵਿੱਚ ਸੂਆ ਸ਼ਬਦ ਵਾਲੇ ਕੋਈ ਦੋ ਵਾਕ ਇਹ ਹਨ-

(1) ਬੇਬੇ ! ਬੋਰੀ ਸੀਣ ਵਾਲਾ ਸੂਆ ਕਿੱਥੇ ਹੈ ?

(2) ਸਾਵਣ ਭਾਦੋਂ ਵਿੱਚ ਮੱਝਾਂ ਦਾ ਸੂਆ ਪੈ ਜਾਣ ਨਾਲ ਦੁੱਧ ਦੀ ਘਾਟ ਦੂਰ ਹੋ ਜਾਂਦੀ ਹੈ।

੪. ਨਵੇਂ ਜਨਮੇਂ ਬੱਚੇ ਨੂੰ 'ਅੰਮ੍ਰਿਤ ਸੰਚਾਰ' ਤੇ ਗੁਰੂ ਹਜ਼ੂਰ ਪੇਸ਼ ਕਰ ਕੇ 'ਅੰਮ੍ਰਿਤ' ਦੀਆਂ ਬੂੰਦਾਂ ਜ਼ਰੂਰ ਪਿਲਾਉਣੀਆਂ ਚਾਹੀਦੀਆਂ ਹਨ ਤਾਂ ਜੋ ਉਸ ਦੀ ਕਾਂਇਆਂ ਕਲਪ ਹੋ ਜਾਏ ਅਤੇ ਗੁਰੂ ਵਾਲਾ ਬਣ ਜਾਵੇ।

੫. ਜਦ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਪਾਸ ਆਪਣੇ ਆਦਮੀ ਭੇਜ ਕੇ ਮੁਲਾਕਾਤ ਲਈ ਸੱਦਿਆ ਤਾਂ ਸਰਦਾਰ ਜੱਸਾ ਸਿੰਘ ਨੇ ਸਵਾਲ ਵਿੱਚ ਲਿਖਿਆ ਉੱਤਰ ਦਿੱਤਾ।



www.AKJ.Org

# ਅਉਗਣੀ ਭਰਿਆ ਸਰੀਰੁ ਹੈ

(ਪ੍ਰਿੰ: ਸੱਜਣ ਸਿੰਘ ਜੀ)

ਜੇ ਚਮੜੀ ਦੀ ਸੁੰਦਰਤਾ ਤੇ ਅੰਗਾਂ ਦੀ ਬਨਾਵਟ ਦਾ ਸੰਬੰਧ ਸੂਰਤ ਨਾਲ ਹੈ ਤਾਂ ਚੰਗੀਆਂ ਆਦਤਾਂ, ਮਨ ਦੀਆਂ ਖੂਬੀਆਂ ਤੇ ਸ੍ਰੇਸ਼ਟ ਗੁਣਾਂ ਦਾ ਸੰਬੰਧ ਸੀਰਤ ਨਾਲ ਹੈ। ਸਰੀਰਕ ਖੂਬਸੂਰਤੀ ਤੋਂ ਪ੍ਰਭਾਵਤ ਹੋ ਕੇ ਇਨਸਾਨ ਧੋਖਾ ਖਾ ਸਕਦਾ ਹੈ ਪਰ ਮਨ ਦੀ ਸੁਹੱਪਣ ਦੀ ਪ੍ਰਸੰਸਾ ਕਰਨ ਵਾਲਾ ਤੇ ਇਸ ਤੇ ਇਤਬਾਰ ਕਰਨ ਵਾਲਾ, ਪਛਤਾਵੇ ਦੀ ਅਗਨੀ ਵਿੱਚ ਘੱਟ ਹੀ ਪੈਂਦਾ ਹੈ। ਸਰੀਰਕ ਅੱਖਾਂ ਕੇਵਲ ਸਥੂਲ ਪਦਾਰਥਾਂ ਨੂੰ ਤੱਕਣ ਯੋਗ ਹਨ, ਸੂਖਮ ਤੱਤਾਂ ਨੂੰ ਨਿਹਾਰ ਨਹੀਂ ਸਕਦੀਆਂ। ਸੰਸਾਰੀ ਜੀਵ ਦ੍ਰਿਸ਼ਟਮਾਨ ਸੰਸਾਰ ਵਿੱਚ ਵਿਚਰਦਾ ਹੋਇਆ, ਅਦ੍ਰਿਸਟ ਮੰਡਲ ਤੇ ਦੈਵੀ ਗੁਣਾਂ ਦੀ ਮਹੱਤਤਾ ਤੋਂ ਬਿਲਕੁੱਲ ਕੋਰਾ ਹੈ।

ਦੈਵੀ ਗੁਣ, ਉਨ੍ਹਾਂ ਰੱਬੀ ਖੂਬੀਆਂ ਦਾ ਸਮੂਹ ਹੈ, ਜਿਹੜੀਆਂ ਹਿਰਦੇ ਵਿੱਚ ਪ੍ਰਭੂ ਦਾ ਨਿਵਾਸ ਕਰਾਉਣ ਵਿਚ ਸਹਾਇਕ ਹਨ। ਇਨ੍ਹਾਂ ਦੀ ਪਛਾਣ ਤੇ ਪ੍ਰਾਪਤੀ ਕੇਵਲ ਸੱਚੇ ਗੁਰੂ ਦੁਆਰਾ ਹੁੰਦੀ ਹੈ ਤੇ ਇਨ੍ਹਾਂ ਦੀ ਸਾਂਝ ਕਰਨ ਵਾਲਾ ਅਉਗਣਾਂ ਤੋਂ ਸਹਜੇ ਹੀ ਛੁਟਕਾਰਾ ਮਿਲਦਾ ਹੈ। ਰੱਬੀ ਗੁਣਾਂ ਬਿਹੂਨ ਨਿਗੁਰਾ ਪੁਰਸ਼, ਆਪਣੀ ਹੱਠ ਧਰਮੀ ਨਾਲ ਬੇਸ਼ਕ ਕਿੰਨੀ ਭੀ ਭਗਤੀ ਕਰੇ, ਸਭ ਨਿਹਫਲ ਜਾਂਦੀ ਹੈ, ਇਹ ਸਤਿਗੁਰੂ ਜੀ ਦਾ ਫੁਰਮਾਨ ਹੈ :-

ਬਿਨੁ ਗੁਰ ਗੁਣ ਨ ਜਾਪਨੀ
ਬਿਨੁ ਗੁਣ ਭਗਤਿ ਨ ਹੋਇ।।

(ਸਿਰੀ ਰਾਗ ਮਹਲਾ ੩, ਪੰਨਾ ੬੭)

ਫਿਰ ਜੇ ਕੋਈ ਗੁਣ ਦਾ ਗਾਹਕ ਹੋਵੇ, ਤਾਂ ਗੁਣ ਦੀ ਮਹਿਮਾ ਨੂੰ ਪਛਾਣੇ। ਜਿਸ ਨੂੰ ਸੋਝੀ ਹੁੰਦੀ ਹੈ, ਉਸ ਦੇ ਹਿਰਦੇ ਵਿੱਚ ਇਹ ਗਿਆਨ ਦ੍ਰਿੜ੍ਹ ਹੁੰਦਾ ਹੈ ਕਿ "ਗੁਣ ਤੇ ਨਾਮੁ ਪਰਾਪਤਿ ਹੋਇ" (ਪੰਨਾ ੩੬੧)। ਇਹ ਵੀ ਸੱਚ ਹੈ ਕਿ ਸੰਸਾਰ ਵਿੱਚ ਗੁਣਾਂ ਦਾ ਗਾਹਕ ਵਿਰਲਾ ਹੀ ਹੈ ਨਹੀਂ ਤਾਂ ਲੋਕਾਈ ਅਉਗਣਾਂ ਦੀ ਗਠੜੀ ਬੰਨਣ ਵਿਚ ਹੀ ਲੱਗੀ ਹੋਈ ਹੈ।

ਲੋਕੁ ਅਵਗਣਾ ਕੀ ਬੰਨੈ ਗੰਠੜੀ
ਗੁਣ ਨ ਵਿਹਾਝੈ ਕੋਇ।।
ਗੁਣ ਕਾ ਗਾਹਕੁ ਨਾਨਕਾ
ਵਿਰਲਾ ਕੋਈ ਹੋਇ।।

(ਵਾਰ ਮਾਰੂ ਮ: ੩, ਪੰਨਾ ੧੦੯੨)

ਸੈਲ ਪੱਥਰ, ਪੌਦੇ, ਬਿਰਛ, ਜਾਨਵਰ ਤੇ ਪੰਛੀ, ਭਾਂਤ ਭਾਂਤ ਦੇ ਜੀਵ ਜੰਤੂ ਸਭ ਪੂਰਬਲੇ ਕਰਮਾਂ ਦਾ ਫਲ ਭੋਗਦੇ ਹਨ ਤੇ ਭਵਿੱਖ ਨੂੰ ਸੁਹਾਵਣਾ ਬਣਾਉਣ ਦੀ ਸੋਝੀ ਨਹੀਂ ਰੱਖਦੇ। ਇਨ੍ਹਾਂ ਦੇ ਆਪਣੇ ਆਪਣੇ ਵੱਖਰੇ ਗੁਣ ਤੇ ਅਉਗਣ ਹਨ ਪਰ ਵਾਸਤਵ ਵਿੱਚ ਇਨ੍ਹਾਂ ਤੋਂ ਵਿਵੇਕ-ਹੀਨ ਹਨ। ਇਨਸਾਨ ਨੂੰ ਭਗਵਾਨ ਨੇ ਕੀ ਕੁੱਝ ਨਹੀਂ ਦਿੱਤਾ ? ਇਹ ਮਿਹਨਤ ਨਾਲ ਭਾਂਤ ਭਾਂਤ ਦੇ ਸੰਸਾਰਕ ਪਦਾਰਥ ਉਤਪੰਨ ਕਰ ਸਕਦਾ ਹੈ, ਹੋਰਨਾਂ ਵਿੱਚ ਵੰਡ ਭੀ ਸਕਦਾ ਹੈ, ਸਤਿਗੁਰੂ ਦੀ ਰਹਿਮਤ, ਸੰਗਤ ਤੇ ਵਿਵੇਕ ਦੁਆਰਾ, ਭ੍ਰਿਸ਼ਟ ਬੁੱਧੀ ਨੂੰ ਸੁਆਰਨ ਦਾ ਸੁਨਹਿਰੀ ਅਵਸਰ ਵੀ ਰੱਖਦਾ ਹੈ ਜਦ ਕਿ ਪਸ਼ੂਆਂ ਦੇ ਵੱਸ ਨਹੀਂ ਕਿ ਉਹ ਸ਼੍ਰੇਸ਼ਟ ਕਰਮ ਕਰ ਸਕਣ ਤੇ ਆਪਣੀ ਖਸਲਤ ਜਾਂ ਕੁਦਰਤੀ ਸੁਭਾਅ ਵਿੱਚ ਤਬਦੀਲੀ ਲਿਆ ਸਕਣ।

ਏਨਾ ਕੁੱਝ ਹੁੰਦਿਆਂ ਵੀ ਜੀਵ ਆਪਣੀ ਮਾਨਸਕ ਤੇ ਅਧਿਆਤਮਕ ਦਸ਼ਾ ਦੀ ਲਗਾਤਾਰ ਗਿਰਾਵਟ ਤੋਂ ਬਚ ਨਹੀਂ ਸਕਿਆ। ਗੁਣਾਂ ਦੇ ਹਥਿਆਰ ਤਾਂ ਪਹਿਲਾਂ ਹੀ ਲੁਟਵਾ ਲਏ, ਟਾਕਰਾ ਕਰਨ ਦੀ ਹਿੰਮਤ ਨਹੀਂ ਰਹੀ। ਮਾਇਆ ਨਾਗਣੀ ਨੇ ਡੰਗ ਮਾਰ ਕੇ ਕੰਚਨ ਵੰਨੀ ਕਾਇਆ ਦੇ ਖੂਨ ਵਿਚ ਏਨੀ ਜ਼ਹਿਰ ਭਰੀ ਕਿ ਸਰੀਰ ਦਾ ਅੰਗ-ਅੰਗ ਅਉਗਣਾਂ ਦੇ ਜ਼ਖਮਾਂ ਨਾਲ ਕਰੂਪ ਤੇ ਕਲੰਕਤ ਬਣ ਗਿਆ। ਇਹ ਅਉਗਣ ਪੈਰਾਂ ਵਿੱਚ ਬੇੜੀਆਂ ਹਨ ਜਿਹੜੀਆਂ ਸਾਧ ਸੰਗਤ ਵਲ ਕਦਮ ਉਠਾਉਣ ਨਹੀਂ ਦਿੰਦੀਆਂ, ਲੋਹੇ ਦੀਆਂ ਹੱਥ ਕੜੀਆਂ ਹਨ, ਜਿਹੜੀਆਂ ਸੇਵਾ ਤੇ ਪਰਉਪਕਾਰ ਦਾ ਕਾਰਜ ਕਰਨ ਨਹੀਂ ਦਿੰਦੀਆਂ। ਪਾਵਨ ਹੁਕਮ ਹੈ :-

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ।।
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ।।

(ਸੋਰਠਿ ਮ: ੧, ਪੰਨਾ ੫੯੫)

ਜਦ ਜ਼ਮੀਰ ਏਨੀ ਮਲੀਨ ਹੋ ਜਾਵੇ ਕਿ ਔਗੁਣ ਭੈੜੇ ਪਰਤੀਤ ਨਾ ਹੋਣ ਅਤੇ ਇਨ੍ਹਾਂ ਅਉਗਣਾਂ ਨਾਲ ਮਿੱਤਰਤਾ ਹੋ ਜਾਵੇ ਤਾਂ ਇਹ ਰੋਗ ਅਸਾਧ ਰੋਗ ਵਿੱਚ ਬਦਲ ਜਾਂਦਾ ਹੈ। ਇਸ ਦੀ ਔਸ਼ਧੀ ਦੁਨਿਆਵੀ ਡਾਕਟਰਾਂ ਤੇ ਵੈਦਾਂ ਕੋਲ ਨਹੀਂ ਹੈ। ਬਿਲਕੁਲ ਐਸੀ ਦਸ਼ਾ ਅਸਾਡੀ ਹੈ। ਅਸੀਂ ਆਪਣੇ ਆਪ ਨੂੰ ਸ਼ੁੱਧ ਕੰਚਨ ਵਰਗੇ ਸਮਝਦੇ ਹਾਂ ਤੇ ਅਵੇਸਲੇ ਬੈਠੇ ਹਾਂ ਪਰ ਗੁਰਦੇਵ ਜੀ ਨੇ ਸਾਡੇ ਅਉਗਣਾਂ ਦੀ ਅਸੀਮਤਾ ਦਾ ਪਰਦਾ ਪਰਤੱਖ ਰੂਪ ਵਿੱਚ ਦਿਖਾਇਆ ਹੈ। ਮਤ ਸਮਝੀਏ ਕਿ ਸਤਿਗੁਰੂ ਜੀ ਆਪਣੇ ਪ੍ਰਤੀ ਕਹਿੰਦੇ ਹਨ, ਉਹ ਤਾਂ ਜੋਤਿ-ਸਰੂਪੀ ਅਕਾਲ ਪੁਰਖ ਆਪ ਹਨ।



www.AKJ.Org

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ
ਤੇਤੇ ਅਉਗਣ ਹਮਾਰੇ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ
ਡੁਬਦੇ ਪਥਰ ਤਾਰੇ॥

(ਗਉੜੀ ਚੇਤੀ ਮ: ੧, ਪੰਨਾ ੧੫੬)

ਇੱਕ, ਦੋ ਜਾਂ ਚਾਰ ਨਹੀਂ, ਬੇਸ਼ੁਮਾਰ ਔਗੁਣਾਂ ਨਾਲ ਸਾਡਾ ਸਰੀਰ ਭਰਿਆ ਹੋਇਆ ਹੈ। ਗੁਰਬਾਣੀ ਵਿੱਚ ਇਨ੍ਹਾਂ ਦਾ ਬਾਰ ਬਾਰ ਜ਼ਿਕਰ ਆਉਣਾ, ਇਨ੍ਹਾਂ ਤੋਂ ਸਾਵਧਾਨ ਰਹਿਣ ਲਈ ਇਸ਼ਾਰਾ ਹੈ। ਜੇ ਕੇਵਲ ਬਾਂਸ ਦੇ ਹੀ ਅਉਗਣਾ ਦਾ ਹੀ ਚਰਚਾ ਕਰੀਏ ਤਾਂ ਪਰਤੀਤ ਹੁੰਦਾ ਹੈ ਕਿ ਸਿਵਾਏ ਇਨਸਾਨ ਦੇ ਹੋਰ ਕੋਈ ਸੰਸਾਰ ਦਾ ਜੀਵ ਨਹੀਂ, ਜਿਸ ਨੇ ਇਸ ਦੇ ਔਗੁਣਾਂ ਨੂੰ ਏਨਾ ਅਪਣਾਇਆ ਹੋਵੇ।

ਹੰਕਾਰ ਰੋਗ :- ਬਾਂਸ ਦੀ ਉਚਾਈ ਜਾਂ ਲੰਮਾਈ ਨੇ ਇਸ ਨੂੰ ਅਤਿਅੰਤ ਹੰਕਾਰੀ ਬਣਾਇਆ ਹੈ। ਹੰਕਾਰੀ ਜੀਵ ਦੇ ਹਉਮੈ ਭਰਪੂਰ ਬਚਨ, ਆਕੜ ਭਰੇ ਵਰਤਾਉ ਤੇ ਖੁਸ਼ਾਮਦ ਦੀ ਭੁੱਖ ਤੋਂ ਸਭ ਜਾਣੂ ਹਨ। ਹੰਕਾਰ ਦੇ ਸੂਖਮ ਸਰੂਪ ਦੀ ਇਕ ਪਛਾਣ ਇਹ ਹੈ ਕਿ ਜੀਵ ਦੂਸਰੇ ਪੁਰਸ਼ ਦੇ ਸੁਝਾਉ ਜਾਂ ਉਪਦੇਸ਼ ਨੂੰ ਸੁਣ ਕੇ ਕਬੂਲਦਾ ਨਹੀਂ। ਕੰਨ ਕਿਸੇ ਦੀ ਉਪਮਾ ਸੁਣਨਾ ਨਹੀਂ ਚਾਹੁੰਦੇ, ਅੱਖਾਂ, ਕਿਸੇ ਦੀ ਵਡੱਤਣ ਤੱਕਣ ਤੋਂ ਭੱਜਦੀਆਂ ਹਨ, ਜਿਹਬਾ ਕਿਸੇ ਦੀ ਉਸਤਤਿ ਨਹੀਂ ਕਰਦੀ, ਕਾਇਆਂ ਵਿੱਚ ਨਾਮ ਸੁਗੰਧ ਦਾ ਨਿਵਾਸ ਨਹੀਂ ਹੁੰਦਾ। ਇੱਥੇ ਇਹ ਵੀ ਵਿਚਾਰਨ ਦੀ ਗੱਲ ਹੈ ਕਿ ਪੂਰਨ ਸਤਿਗੁਰ ਵਿਚ ਤਾਂ ਸਮਰੱਥਾ ਹੈ ਕਿ ਉਹ ਹੰਕਾਰੀ ਤੇ ਸੁਗੰਧ-ਹੀਨ ਪ੍ਰਾਣੀ ਵਿਚ ਨਾਮ ਦੀ ਸੁਗੰਧੀ ਭਰ ਦੇਵੇ ਤੇ ਕਾਂ-ਬਿਰਤੀ ਵਾਲੇ ਪੁਰਸ਼ ਨੂੰ ਪਰਮ ਹੰਸ ਬਣਾ ਦੇਵੇ। (ਗੁਰਮਤਿ ਸਤਿ ਸਤਿ ਕਰਿ ਬਾਇਸ ਪਰਮ ਹੰਸ ਗਿਆਨ ਅੰਧ ਬੰਸ ਨਿਰਗੰਧ ਗੰਧ ਠਾਨੇ ਹੈ-ਕਬਿਤ ਭਾਈ ਗੁਰਦਾਸ ਜੀ) ਪਰ ਸੰਸਾਰਕ ਚੰਦਨ ਬੂਟੇ ਵਿੱਚ ਏਨੀ ਸੁਗੰਧ ਹੁੰਦਿਆਂ ਵੀ ਏਨੀ ਤਾਕਤ ਨਹੀਂ ਕਿ ਉਹ ਬਾਂਸ ਦਾ ਹੰਕਾਰ ਮਿਟਾ ਕੇ ਉਸ ਨੂੰ ਸੁਗੰਧਤ ਕਰ ਦੇਵੇ।

ਫਲ ਹੀਨ :- ਬਾਂਸ ਦਾ ਬੂਟਾ ਸਿੰਬਲ ਬ੍ਰਿਛ ਵਾਂਗ ਫਲ-ਹੀਨ ਹੈ। ਤੋਤੇ ਸਿੰਬਲ ਬ੍ਰਿਛ ਤੇ ਬਹੁਤ ਆਸਾਂ ਲੈ ਕੇ ਆਉਂਦੇ ਹਨ, ਪਰ ਫਲ ਫਿੱਕੇ, ਫੁੱਲ ਬਕਬਕੇ ਤੇ ਪੱਤੇ ਅਕਾਰਥ ਹੋਣ ਕਰਕੇ ਨਿਰਾਸੇ ਜਾਂਦੇ ਹਨ।

ਸਲੋਕ ਮਹਲਾ ੧ - ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥ ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥ ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥

(ਆਸਾ ਦੀ ਵਾਰ)

ਇਸੇ ਤਰ੍ਹਾਂ ਜਿਹੜਾ ਪੁਰਸ਼ ਦੂਰੋਂ ਤੱਕਿਆਂ ਭਲਾ, ਗੁਣਵਾਨ ਤੇ ਦਾਨੀ ਪਰਤੀਤ ਹੁੰਦਾ ਹੈ ਪਰ ਵਾਸਤਵ ਵਿੱਚ ਹੋਰਨਾਂ ਦੀਆਂ ਆਸ਼ਾਵਾਂ ਤੇ ਪੂਰਾ ਨਹੀਂ ਉੱਤਰਦਾ, ਜਿਸ ਦੇ ਦਰ ਤੋਂ ਲੋੜਵੰਦ, ਖਾਲੀ ਹੱਥ ਜਾਂਦੇ ਹਨ, ਜਿਸ ਦੇ ਬਚਨਾਂ ਵਿੱਚ ਮਿਠਾਸ ਪਰ ਕਰਮਾਂ ਵਿੱਚ ਖਟਾਸ ਹੈ, ਉਹ ਇਸ ਵਰਗ ਨਾਲ ਜੁੜਿਆ ਹੋਇਆ ਹੈ। ਐਸਾ ਜੀਵ ਬਾਂਸ ਵਾਂਗਰ ਖੁਸ਼ਕ ਤੇ ਸੁੱਕੇ ਹਿਰਦੇ ਵਾਲਾ, ਭੁੱਖੇ ਦੀ ਭੁੱਖ ਮਿਟਾਉਣ ਤੋਂ ਅਸਮਰਥ, ਅੰਦਰੋਂ ਕੁੜੱਤਣ ਦਾ ਭਰਿਆ ਤੇ ਸੱਚੀ ਨੇਕੀ ਤੋਂ ਸੱਖਣਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦਰ ਤੇ ਢੌਂਠਿਆ ਦੀ ਲਾਜ ਰੱਖੀ, ਆਪਣਾ ਬਲੀਦਾਨ ਦਿੱਤਾ ਪਰ ਨਿਰਾਸ ਨਹੀਂ ਜਾਣ ਦਿੱਤਾ। ਗੁਰਦੇਵ ਜੀ ਦਾ ਅਮਲੀ ਉਪਦੇਸ਼ ਗੁਰਸਿੱਖੀ ਦਾ ਵਿਸ਼ੇਸ਼ ਅੰਗ ਬਣਿਆ ਹੋਇਆ ਹੈ। ਜਿਸ ਮਨੁੱਖ ਨੂੰ ਗੁਰੂ ਸਾਹਿਬ ਦੀ ਕੁਰਬਾਨੀ ਤੋਂ ਉਤਸ਼ਾਹ ਨਹੀਂ ਮਿਲਦਾ, ਉਸ ਨੂੰ ਇਸ ਦ੍ਰਿਸ਼ਟੀਕੋਣ ਤੋਂ ਸਿੰਬਲ ਬ੍ਰਿਛ ਜਾਂ ਬਾਂਸ ਤੇ ਸਤਹ ਤੋਂ ਉੱਚਾ ਨਾ ਕਹਿਣ ਵਿਚ ਕਾਫੀ ਸੱਚਾਈ ਹੈ।

ਖੋਖਲਾਪਨ :- ਬਾਂਸ ਦਾ ਇੱਕ ਹੋਰ ਵਿਸ਼ੇਸ਼ ਗੁਣ ਉਸ ਦਾ ਖੋਖਲਾਪਨ ਹੈ। ਇਸ ਬੂਟੇ ਦੀਆਂ ਦੋ ਗੰਢਾਂ ਦੇ ਵਿਚਕਾਰਲੇ ਭਾਗ ਤੋਂ ਬਣੀ ਬਾਂਸਰੀ ਜਾਂ ਭੂਕਨੇ ਵਿਚ ਫੂਕ ਮਾਰੀਏ ਤਾਂ ਦੂਸਰੇ ਪਾਸੇ ਨਿਕਲ ਜਾਂਦੀ ਹੈ। ਆਵਾਜ਼ ਨੂੰ ਰੋਕਣ ਜਾਂ ਇਸ ਦੇ ਪ੍ਰਭਾਵ ਨੂੰ ਗ੍ਰਹਿਣ ਕਰਨ ਦੀ ਸ਼ਕਤੀ ਇਸ ਵਿੱਚ ਨਹੀਂ ਹੈ। ਇਨਸਾਨ ਦੇ ਸਰੀਰ ਦੀ ਬਨਾਵਟ ਤਾਂ ਐਸੀ ਨਹੀਂ ਹੈ ਪਰ ਇਸ ਔਗੁਣ ਜਾਂ ਗੁਣ ਨੂੰ ਇਨਸਾਨ ਨੇ ਆਪਣਾਂ ਅੰਗ ਜਰੂਰ ਬਣਾਇਆ ਹੋਇਆ ਹੈ। ਜਿਸ ਜੀਵ ਦਾ ਹਿਰਦਾ ਨਾਮ ਨਾਲ ਸਿੰਚਿਆ ਨਹੀਂ ਜਾਂਦਾ, ਗੁਰ-ਉਪਦੇਸ਼ ਨਾਲ ਪਸੀਜਦਾ ਨਹੀਂ, ਉਸ ਨੂੰ ਬਾਂਸ ਨਾਲ ਤਸ਼ਬੀਹ ਦਿੱਤੀ ਜਾਂਦੀ ਹੈ। ਜਿਵੇਂ ਬਾਂਸ ਅੰਦਰੋ ਪੋਲਾ ਹੁੰਦਾ ਹੈ, ਤਿਵੇਂ ਮਨਮੁਖ ਦਾ ਹਿਰਦਾ ਆਤਮਕ ਗੁਣਾਂ ਤੋਂ ਸੁੰਨਾ ਹੁੰਦਾ ਹੈ। ਨਿਰਸੰਦੇਹ ਸਾਡੇ ਕੰਨ ਰਾਗ, ਦ੍ਵੈਤ, ਨਿੰਦਿਆ ਤੇ ਦੁਰਬਚਨਾਂ ਵੱਲ ਮੱਲੋ ਮੱਲੀ ਖਿੱਚੇ ਜਾਂਦੇ ਹਨ ਪਰ ਅੰਮ੍ਰਿਤਮਈ ਗੁਰਬਾਣੀ ਦੀ ਧੁਨੀ ਸੁਣਨ ਤੋਂ ਭੱਜਦੇ ਹਨ। ਜੇ ਜ਼ਬਰਦਸਤੀ ਸੁਣਾਉਣ ਦਾ ਜਤਨ ਕਰੀਏ ਤਾਂ ਦਿਮਾਗ ਤੱਕ ਸ਼ਬਦ ਨਹੀਂ ਪਹੁੰਚਦੇ। ਸੰਸਾਰਕ ਵਿਹਾਰ ਵਿੱਚ ਇਸ ਨੂੰ ਇੱਕ ਕੰਨੋਂ ਸੁਣ ਕੇ ਦੂਜੇ ਕੰਨੋਂ ਬਾਹਰ ਕੱਢਣਾ ਆਖਿਆ ਗਿਆ ਹੈ। ਇਹ ਰੀਤੀ ਗੁਰਮੁਖ ਦੀ ਨਹੀਂ, ਮਨਮੁਖ ਦੀ ਹੈ, ਜਿਸ ਬਾਰੇ ਭਗਤ ਕਬੀਰ ਜੀ ਨੇ ਆਪਣੇ ਸਲੋਕ


www.AKJ.Org

ਦੁਆਰਾ ਫੁਰਮਾਇਆ ਹੈ।

ਕਬੀਰ ਸਾਚਾ ਸਤਿਗੁਰੁ ਕਿਆ ਕਰੈ
ਜਉ ਸਿਖਾ ਮਹਿ ਚੂਕ।।
ਅੰਧੇ ਏਕ ਨ ਲਾਗਈ
ਜਿਉ ਬਾਂਸੁ ਬਜਾਈਐ ਫੂਕ।।੧੫੮।।

(ਪੰਨਾ ੧੩੭੨)

ਚਮਕਣ ਵਾਲੀ ਹਰ ਇੱਕ ਵਸਤੂ ਕੰਚਨ ਨਹੀਂ ਹੁੰਦੀ। ਸਾਡੀਆਂ ਅੱਖਾਂ ਏਨੀਆਂ ਪਾਰਖੂ ਨਹੀਂ, ਕਿ ਅੰਦਰਲੇ ਗੁਣਾਂ ਅਵਗੁਣਾਂ ਨੂੰ ਨਿਹਾਰ ਸਕੀਏ। ਸਾਧਾਰਨ ਜੀਵ ਨੂੰ ਲੱਕੜੀ ਚੀਰਨ ਤੋਂ ਹੀ ਪਤਾ ਲੱਗਦਾ ਹੈ ਕਿ ਉਹ ਠੋਸ ਹੈ ਜਾਂ ਖੋਖਲੀ, ਅਨਾਜ ਨੂੰ ਤੋਲਣ ਜਾਂ ਪੀਹਣ ਤੋਂ ਹੀ ਉਸ ਦੇ ਠੋਸਪੁਣੇ ਦਾ ਪਤਾ ਲੱਗਦਾ ਹੈ ਜਦ ਕਿ ਸਿਆਣੇ ਪਾਰਖੂ ਲਈ ਇੱਕ ਤੱਕਣੀ ਹੀ ਕਾਫੀ ਹੈ। ਇਹੋ ਹਾਲ ਪਖੰਡੀ ਸਾਧੂਆਂ ਦੇ ਭੇਖ ਦਾ ਹੈ। ਭੋਲੇ ਭਾਲੇ ਲੋਕਾਂ ਨੂੰ ਅਸਲੀਅਤ ਦਾ ਪਤਾ ਉਸ ਵੇਲੇ ਲੱਗਦਾ ਹੈ, ਜਦ ਉਹ ਸਭ ਕੁਝ ਗਵਾ ਬੈਠਦੇ ਹਨ। ਪਤਾ ਨਹੀਂ, ਉਨ੍ਹਾਂ ਦਾ ਪਹਿਰਾਵਾ, ਬੋਲਣ ਚੱਲਣ ਦਾ ਢੰਗ, ਜਾਂ ਜ਼ਾਹਰਾ ਹਮਦਰਦੀ ਦਾ ਪ੍ਰਗਟਾਵਾ, ਕਿਵੇਂ ਜਾਦੂ ਪਾਉਣ ਵਿੱਚ ਸਮਰੱਥ ਹੁੰਦਾ ਹੈ।

ਇਨਸਾਨ ਵਿੱਚ ਆਪਾ ਜਤਲਾਉਣ ਦੀ ਪ੍ਰਵਿਰਤੀ ਕਿੰਨੀ ਪਰਬਲ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਿਸ ਗੁਣ ਨੂੰ ਉਹ ਆਪਣੇ ਹਿਰਦੇ ਵਿੱਚ ਨਹੀਂ ਵਸਾਉਂਦਾ, ਉਸ ਬਾਰੇ ਵੀ ਝਿਜਕ ਬਿਨਾ ਹੋਰਨਾਂ ਨੂੰ ਉਪਦੇਸ਼ ਦਿੱਤੇ ਬਿਨਾਂ ਨਹੀਂ ਰਹਿੰਦਾ। ਜਿਵੇਂ ਊਣਾ ਭਾਂਡਾ ਜ਼ਿਆਦਾ ਸ਼ੋਰ ਮਚਾਉਂਦਾ ਹੈ ਤਿਵੇਂ ਹੀ ਨਾਮਹੀਨ ਮਨਮੁਖ ਪ੍ਰਾਣੀ, ਨਾਮਰੱਤੇ ਗੁਰਮੁਖ ਜਨ ਤੋਂ, ਕੁਦਰਤੀ ਤੌਰ ਤੇ ਅਧਿਕ ਬੋਲਣ ਵਿੱਚ ਰੁਚੀ ਰੱਖਦੇ ਹਨ ਤੇ ਅਕਾਰਥ ਬੋਲਦੇ ਵੀ ਹਨ। 'ਥੋਥਾ ਚਨਾ ਬਾਜੇ ਘਨਾ' ਕਿੰਨੀ ਢੁੱਕਵੀਂ ਕਹਾਵਤ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ :-

ਗਉੜੀ ਮਹਲਾ ੫।। ਕਣ ਬਿਨਾ ਜੈਸੇ ਥੋਥਰ ਤੁਖਾ।। ਨਾਮ ਬਿਹੂਨ ਸੂਨੇ ਸੇ ਮੁਖਾ।। ਹਰਿ ਹਰਿ ਨਾਮੁ ਜਪਹੁ ਨਿਤ ਪ੍ਰਾਣੀ।। ਨਾਮ ਬਿਹੂਨ ਧ੍ਰਿਗ ਦੇਹ ਬਿਗਾਨੀ।। (ਪੰਨਾ ੧੯੨)

ਦਰੱਖਤ ਆਮ ਤੌਰ ਤੇ ਗੰਧ ਰਹਿਤ ਹੁੰਦੇ ਹਨ ਪਰ ਇਹ ਗੁਣ ਬਾਂਸ ਦੇ ਬੂਟੇ ਤੇ ਲਾਗੂ ਨਹੀਂ ਹੁੰਦਾ। ਇਹ ਬਾਹਰੋਂ ਕਰੂਪਤਾ ਦਾ ਚਿੰਨ੍ਹ ਹੈ ਤੇ ਅੰਦਰਹੁ ਅਉਗੁਣਾਂ, ਐਬਾਂ ਤੇ ਕਪਟਾਂ ਦਾ ਸਮੂਹ ਹੈ। ਇਸ ਸੰਦਰਭ ਵਿੱਚ ਇਸ ਦੀ ਹੋਂਦ ਮਨਮੁਖ ਦੇ ਜੀਵਨ ਨਾਲ ਮੇਲ ਖਾਂਦੀ ਹੈ ਕਿਉਂਕਿ ਬਾਂਸਮਈ ਪ੍ਰਾਣੀ ਦਾ ਇੱਕ ਅੰਗ ਨਹੀਂ, ਸਾਰੇ ਦਾ ਸਾਰਾ ਸਰੀਰ ਅਉਗੁਣਾਂ ਨਾਲ ਕਲੰਕਤ ਹੈ। ਇਸ ਦੋਸ਼ ਤੋਂ ਮੁਕਤ ਹੋਣਾ ਸੌਖਾ ਨਹੀਂ। ਇਸ ਦਾ ਸਹੀ ਇਲਾਜ ਗੁਰਮਤਿ ਤੋਂ ਪ੍ਰਾਪਤ ਹੁੰਦਾ ਹੈ।

ਮ: ੪।।

ਅਉਗਣੀ ਭਰਿਆ ਸਰੀਰੁ ਹੈ
ਕਿਉ ਸੰਤਹੁ ਨਿਰਮਲੁ ਹੋਇ।।
ਗੁਰਮੁਖਿ ਗੁਣ ਵੇਹਾਝੀਅਹਿ
ਮਲੁ ਹਉਮੈ ਕਢੈ ਧੋਇ।।

(ਗਉੜੀ ਕੀ ਵਾਰ ਮਹਲਾ ੪, ਪੰਨਾ ੩੧੧)

ਗੁਰਦੇਵ ਜੀ ਨੇ ਅਉਗੁਣਾਂ ਨੂੰ ਖੰਡ-ਖੰਡ ਕਰਨ ਲਈ ਅਜਿਹੇ ਦੋਧਾਰੇ ਖੰਡੇ ਦੀ ਵਰਤੋਂ ਕੀਤੀ ਹੈ ਜਿਸ ਵਿੱਚ ਇਖਲਾਕ ਤੇ ਰੂਹਾਨੀਅਤ ਦੋਨਾਂ ਦੇ ਸੁੰਦਰ ਸੁਮੇਲ ਦੀ ਪਾਣ ਚੜ੍ਹੀ ਹੋਈ ਹੈ। ਦੈਵੀ ਗੁਣਾਂ ਦਾ ਧਾਰਨੀ ਹੋਣਾ ਤੇ ਜਿਹਬਾ ਨਾਲ ਗੁਣ ਗਾਉਣਾ, ਕਾਮਲ ਵੈਦ ਦਾ ਅਜ਼ਮੂਦਾ ਨੁਸਖਾ ਹੈ। ਗੁਰਵਾਕ ਹੈ :-

ਹਰਿ ਘਟਿ ਘਟੇ ਡੀਠਾ ਅੰਮ੍ਰਿਤੋ
ਵੂਠਾ ਜਨਮ ਮਰਨ ਦੁਖ ਨਾਠੇ।।
ਗੁਣ ਨਿਧਿ ਗਾਇਆ ਸਭ ਦੂਖ ਮਿਟਾਇਆ
ਹਉਮੈ ਬਿਨਸੀ ਗਾਠੇ।।

(ਆਸਾ ਛੰਤ ਮਹਲਾ ੫ ਘਰੁ ੪, ਪੰਨਾ ੪੫੩-੫੪)

ਇਸ ਦੇ ਟਾਕਰੇ ਵਿੱਚ ਗੰਨੇ ਵਿੱਚ ਵੀ ਗੰਢਾਂ ਹਨ ਪਰ ਉਹ ਆਪਣੀ ਨਿਮਰਤਾ, ਸਹਿਨਸ਼ੀਲਤਾ ਤੇ ਧੀਰਜ ਦੇ ਗੁਣਾਂ ਕਰਕੇ ਮਿਠਾਸ ਭਰਪੂਰ ਹੈ। ਇਸ ਦੇ ਇਲਾਵਾ, ਸੰਸਾਰ ਨੂੰ ਸ਼ੱਕਰ, ਖੰਡ ਤੇ ਗੁੜ ਜੈਸੇ ਮਿੱਠੇ ਪਦਾਰਥ ਬਖਸ਼ਣ ਲਈ ਆਪਣੇ ਆਪ ਨੂੰ ਬੇਲਣੇ ਵਿਚ ਪੁਆ ਕੇ ਫੇਲਕ ਪੱਛੀਆਂ ਦਾ ਰੂਪ ਧਾਰਨ ਕਰਦਾ ਹੈ ਤੇ ਪਰਉਪਕਾਰ ਦਾ ਪਰਤੱਖ ਪ੍ਰਮਾਣ ਪੇਸ਼ ਕਰਦਾ ਹੈ।

ਪਰਉਪਕਾਰ ਹੀਨ :- ਬ੍ਰਿਛ ਦੀ ਠੰਢੀ ਛਾਂ ਦਾ ਅਸਲੀ ਕਦਰਦਾਨ, ਧੁੱਪ ਵਿੱਚ ਯਾਤਰਾ ਕਰਨ ਵਾਲਾ ਮੁਸਾਫਰ ਹੈ। ਅਕਾਲ ਪੁਰਖ ਦੀ ਬਖਸ਼ਸ਼ ਦੁਆਰਾ ਠੰਢਕ ਪਰਦਾਨ ਕਰਨਾ ਬ੍ਰਿਛ ਦਾ ਬਿਰਦ ਬਣਿਆ ਹੋਇਆ ਹੈ। ਤਨ, ਮਨ ਸ਼ਾਂਤ ਕਰਨ ਵਾਲਾ ਇਹ ਗੁਣ ਬਾਂਸ ਵਿੱਚ ਨਹੀਂ। ਕੌਣ ਇਸ ਦੀ ਠੰਢੀ ਛਾਂ ਮਾਣਦਾ ਹੈ ? ਕਿਸ ਨੂੰ ਇਸ ਦੀ ਸੰਗਤ ਤੋਂ ਮਾਨਸਕ ਪ੍ਰਸੰਨਤਾ ਨਸੀਬ ਹੁੰਦੀ ਹੈ ? ਮਨਮੁਖ ਪ੍ਰਾਣੀ ਤਾਂ ਦੂਸਰਿਆਂ ਦਾ ਬੁਰਾ ਹੀ ਚਿਤਵਦਾ ਹੈ, ਉਸ ਨੇ ਕਿਸੇ ਦਾ ਕੀ ਭਲਾ ਕਰਨਾ ਹੈ ? ਬ੍ਰਹਮ ਗਿਆਨੀ ਤੋਂ ਤਾਂ ਸਹਜ ਸੁਭਾਅ ਹੀ ਭਲਾਈ ਦਾ ਕੰਮ ਹੁੰਦਾ ਹੈ। "ਨੇਕੀ ਕਰ ਦਰਿਆ ਮੇਂ ਡਾਲ" ਅਰਥਾਤ ਪਰਉਪਕਾਰ ਕਰ ਕੇ ਭੁੱਲ ਜਾਣਾ ਤੇ ਕਿਸੇ ਨੂੰ ਨ ਜਤਾਉਣਾ, ਬ੍ਰਹਮ ਗਿਆਨੀ


www.AKJ.Org

ਨੂੰ ਹੀ ਸ਼ੋਭਦਾ ਹੈ। ਮਨਮੁਖ ਪ੍ਰਾਣੀ ਦੇ ਮਨ ਵਿਚ, ਰੀਸ ਕਰ ਕੇ ਵੀ ਪਰਉਪਕਾਰ ਕਰਨ ਦਾ ਫੁਰਨਾ ਨਹੀਂ ਉਪਜਦਾ-ਪਰ ਬੁਰਾਈ ਦੇ ਪ੍ਰਭਾਵ ਤੋਂ ਆਪ ਵੀ ਬਚ ਨਹੀਂ ਸਕਦਾ। ਸਤਿਗੁਰ ਦਾ ਫੁਰਮਾਨ ਹੈ-

ਬੁਰਾ ਕਰੇ ਸੁ ਕੇਹਾ ਸਿਝੈ।।
ਆਪਣੈ ਰੋਹਿ ਆਪ ਹੀ ਦਝੈ।।
ਮਨਮੁਖਿ ਕਮਲਾ ਰਗੜੈ ਲੁਝੈ।।(ਪੰਨਾ ੧੪੧੮)

ਈਰਖਾ ਦੀ ਅਗਨੀ :- ਬੁਰਾ ਚਿਤਵਨ ਦੀ ਅੰਦਰਲੀ ਅਗਨੀ ਜਦ ਸਥੂਲ ਰੂਪ ਧਾਰਨ ਕਰਦੀ ਹੈ ਤਾਂ ਦੋਸ਼ੀ-ਨਿਰਦੋਸ਼, ਆਪਣਾ-ਪਰਾਇਆ, ਜਿਹੜਾ ਵੀ ਜਾਣੇ-ਅਨਜਾਣੇ ਸੰਪਰਕ ਵਿੱਚ ਆਉਂਦਾ ਹੈ, ਜਲ ਕੇ ਸੁਆਹ ਬਣ ਜਾਂਦਾ ਹੈ। ਬਾਂਸ ਹੋਵੇ ਜਾਂ ਮਨਮੁਖ ਜੀਵ, ਜਦ ਨਾਮ ਅੰਮ੍ਰਿਤ-ਜਲ ਦੀ ਸਿੰਚਾਈ ਨ ਹੋਵੇ ਤੇ ਵਿਸ਼ਿਆਂ ਦੀ ਅਗਨੀ ਪ੍ਰਬਲ ਹੋ ਜਾਵੇ ਤਾਂ ਈਰਖਾ ਦੀ ਆਪਸੀ ਰਗੜ, ਸੰਸਾਰ-ਜੰਗਲ ਵਿੱਚ ਤਬਾਹੀ ਮਚਾਉਣ ਲਈ ਕਾਫੀ ਹੈ। ਜੰਗਲ ਦੀ ਅੱਗ ਨੂੰ ਗੁਰਬਾਣੀ ਵਿੱਚ ਦਾਵਾ ਅਗਨਿ ਦਾ ਨਾਉਂ ਦਿੱਤਾ ਹੈ ਜਿਸ ਤੋਂ ਕੋਈ ਵਿਰਲਾ ਆਤਮਕ ਬਲੀ ਹੀ ਬਚ ਸਕਦਾ ਹੈ।

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ
ਕੋਈ ਹਰਿਆ ਬੂਟੁ ਰਹਿਓ ਰੀ।।
(ਆਸਾ ਮਹਲਾ ੫, ਪੰਨਾ ੩੮੪)

ਢਹਿੰਦੀ ਕਲਾ :- ਪੁਰਾਤਨ ਇਤਿਹਾਸ ਗੁਆਹੀ ਦਿੰਦਾ ਹੈ ਕਿ ਭਾਰਤ ਦੇ ਵਸਨੀਕਾਂ ਨੇ ਬਾਂਸ ਦੇ ਲਚਕੀਲੇ ਹੋਣ ਦੇ ਗੁਣ ਨੂੰ ਆਪਣੇ ਜੀਵਨ ਦਾ ਅੰਗ ਬਣਾ ਕੇ ਅਣਖ ਦਾ ਕਚੂਮਰ ਕੱਢ ਦਿੱਤਾ। ਜਦ ਇੱਕ ਗੁਲਾਮ ਕੌਮ ਇਸ ਗੁਣ ਨੂੰ ਅਪਨਾਅ ਲਵੇ ਤਾਂ ਉਹ ਗੁਣ ਬਦਲ ਜਾਂਦਾ ਹੈ ਔਗੁਣ ਵਿੱਚ। ਪਰਾਚੀਨ ਹਿੰਦੂ ਜਾਤੀ ਵਿੱਚ ਕਿਸੇ ਉਦੇਸ਼ ਲਈ ਚੱਟਾਨ ਵਾਂਗਰ ਡੱਟਣ ਦੀ ਸੱਤਾ ਖਤਮ ਹੋ ਗਈ ਤੇ ਬਾਂਸ ਵਾਂਗਰ ਝੁਕਣ ਦੀ ਪ੍ਰਵਿਰਤੀ ਕਾਇਮ ਹੋ ਗਈ। ਇਸ ਧਾਰਣਾ ਵਿੱਚ, ਨਿਮਰਤਾ ਨਹੀਂ, ਨਿਰਬਲਤਾ ਸੀ, ਆਪਾ ਵਾਰਨ ਦੀ ਸਪਿਰਦ ਨਹੀਂ, ਜਾਨ ਬਚਾਉਣ ਦੇ ਤਰਲੇ ਸਨ, ਗੈਰਤ ਨਹੀਂ, ਜ਼ਿੱਲਤ ਸੀ, ਬੀਰਤਾ ਨਹੀਂ ਕਾਇਰਤਾ ਸੀ, ਮਰਦਊਪੁਣਾ ਨਹੀਂ, ਬੁਜ਼ਦਿਲੀ ਸੀ। ਸਤਿਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਵਸਨੀਕਾਂ ਨੂੰ ਗਊਆਂ, ਬੱਕਰੀਆਂ, ਭੇਡਾਂ ਦਾ ਵੱਗ ਤੇ ਹਮਲਾਵਰਾਂ ਨੂੰ ਰੱਤ-ਪੀਣੇ ਸ਼ੇਰ ਆਖ ਕੇ ਹਮਦਰਦੀ ਦੀ ਭਾਵਨਾ ਦਾ ਪ੍ਰਗਟਾਵਾ ਵੀ ਕੀਤਾ ਸੀ, ਤੇ ਹਿੰਦੂ ਜਾਤੀ ਦੀ ਮਾਨਸਿਕ ਗਿਰਾਵਟ ਤੇ ਲਾਚਾਰੀ ਦਾ ਨਕਸ਼ਾ ਵੀ ਖਿੱਚਿਆ ਸੀ। ਗੁਰ ਫੁਰਮਾਨ ਹੈ -

ਕਰਤਾ ਤੂੰ ਸਭਨਾ ਕਾ ਸੋਈ।। ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ।।੧।। ਰਹਾਉ।। ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।। ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ।। (ਆਸਾ ਮਹਲਾ ੧, ਪੰਨਾ ੩੬੦)

ਗੁਰੂ ਕਲਗੀਧਰ ਪਾਤਸ਼ਾਹ ਨੇ ਤੂਫਾਨ ਦਾ ਟਾਕਰਾ ਕਰਨ ਲਈ ਅੰਮ੍ਰਿਤ ਪਿਲਾ ਕੇ ਸਾਨੂੰ ਚੱਟਾਨ ਬਣਾਇਆ, ਆਪਣੀ ਸ਼ਖਸੀਅਤ ਤੇ ਕੁਰਬਾਨੀ ਦੇ ਸਦਕੇ ਸਾਨੂੰ ਵੱਗਾਂ ਨੂੰ ਸਹੀ ਅਰਥਾਂ ਵਿੱਚ ਅੰਦਰੋਂ ਬਾਹਰੋਂ ਸਿੰਘ (ਸ਼ੇਰ) ਵਿੱਚ ਬਦਲਿਆ, ਲਚਕ ਮਿਟਾਕੇ ਫੌਲਾਦੀ ਦ੍ਰਿੜ੍ਹਤਾ ਦੀ ਦਾਤ ਬਖਸ਼ੀ, ਖੌਫ ਤੇ ਸਹਸਾ ਜੜ੍ਹ ਤੋਂ ਉਖਾੜ ਕੇ ਸਾਹਸ ਦਾ ਬੀਜ ਬੀਜਿਆ, ਪਰਉਪਕਾਰ ਕਰਨ ਦੀ ਹਿੰਮਤ ਦਿੱਤੀ ਤੇ ਪਰਉਪਕਾਰ ਕਰਨ ਦਾ ਸੁਭਾਉ ਬਖਸ਼ਿਆ, ਬੇਕਸਾਂ ਦੇ ਯਾਰ ਬਣ ਕੇ ਕਲਪਦੀਆਂ ਰੂਹਾਂ ਦੀਆਂ ਆਸਾਂ ਪੂਰੀਆਂ ਕੀਤੀਆਂ।

ਫੁੱਟ :- ਨਿਰਬਲਤਾ ਜੈਸੀ ਬਦਨਸੀਬੀ ਜਿਸ ਦੇਸ਼ ਜਾਂ ਧਰਮ ਦੇ ਪੱਲੇ ਪੈ ਜਾਵੇ ਉਸ ਦਾ ਪੱਤਨ ਹੋ ਕੇ ਹੀ ਰਹਿੰਦਾ ਹੈ। ਕਮਜ਼ੋਰੀ ਤੋਂ ਲਾਚਾਰੀ ਤੇ ਲਾਚਾਰੀ ਤੋਂ ਖੁਆਰੀ ਮਿਲਣੀ ਸੁਭਾਵਕ ਹੈ। ਜਿਉਂ ਮੰਦਰ (ਮਕਾਨ) ਨੂੰ ਥੰਮਣ ਲਈ ਬਾਂਸ ਤੇ ਇਤਬਾਰ ਨਹੀਂ ਕੀਤਾ ਜਾ ਸਕਦਾ, ਤਿਵੇਂ ਹੀ ਅਨਾਥਾਂ, ਮਜ਼ਲੂਮਾਂ ਦੇ ਕੁਚਲਦੇ ਜਾ ਰਹੇ ਅਰਮਾਨਾਂ ਨੂੰ ਦ੍ਰਿੜ੍ਹਤਾ-ਹੀਨ ਵਿਅਕਤੀ ਸੁਰੱਖਿਅਤ ਨਹੀਂ ਰੱਖ ਸਕਦਾ। ਪੂਰੇ ਗੁਰਦੇਵ ਜੀ ਨੇ ਸਾਨੂੰ ਭਗਤੀ ਦੇ ਨਾਲ ਸ਼ਕਤੀ ਦੀ ਗੁੜ੍ਹਤੀ ਦਿੱਤੀ ਤੇ ਅੰਮ੍ਰਿਤ ਦੁਆਰਾ ਗੁਰਸਿੱਖ ਨੂੰ ਬਲਵਾਨ, ਪੱਕੇ ਇਰਾਦੇ ਤੇ ਅਡੋਲ ਅਵਸਥਾ ਦਾ ਮੁਜੱਸਮਾ ਬਣਾਇਆ, ਸ਼ਕਤੀ ਨੂੰ ਭਗਤੀ ਦੇ ਅਧੀਨ ਰੱਖਣ ਲਈ ਨਿੱਤ-ਨੇਮ , ਨਾਮ ਸਿਮਰਣ ਤੇ ਗੁਰਬਾਣੀ ਵੀਚਾਰ ਦੀ ਕਮਾਈ ਦਾ ਉਪਦੇਸ਼ ਦਿੱਤਾ, ਦ੍ਰਿੜ੍ਹਾਇਆ ਅਰਥਾਤ ਮਨ ਵਿੱਚ ਵਸਾਇਆ। ਹੁਕਮ ਅਦੂਲੀ ਕਰਨ ਨਾਲ ਸ਼ਕਤੀ ਬੇਮੁਹਾਰੀ ਹੋ ਕੇ ਆਪਸੀ ਫੁੱਟ ਦਾ ਕਾਰਨ ਬਣਦੀ ਹੈ। ਦੂਰ ਦਰਸ਼ੀ ਸਤਿਗੁਰੂ ਨੇ ਪੰਜਾਂ ਪਿਆਰਿਆਂ ਨੂੰ ਗੁਰਮੰਤਰ ਦੇਣ ਦੇ ਨਾਲ ਨਾਲ ਕੌਮ ਅੰਦਰ ਫੁੱਟ, ਵਿਤਕਰਾ, ਗਲਤਫਹਿਮੀ ਮਿਟਾ ਕੇ ਗੁਰਮਤਿ ਏਕਤਾ ਕਾਇਮ ਕਰਨ ਦਾ ਅਧਿਕਾਰ ਦਿੱਤਾ ਹੈ।

ਇੱਕ ਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿੱਚ ਤੇ ਸ਼ਾਤ-ਮਈ ਵਾਤਾਵਰਨ ਵਿੱਚ ਸੰਗਤ ਦੇ ਰੂਪ ਵਿੱਚ ਆਪਾ ਸੌਂਪ ਦਈਏ ਤਾਂ ਸਾਡੀਆਂ ਭੁੱਲਾਂ ਵਧੀਕੀਆਂ ਤੇ ਪਾਪਾਂ ਭਰੀਆਂ ਕੁਰੀਤੀਆਂ ਦਾ ਸਹਜੇ ਹੀ ਬਿਨਾਸ਼ ਹੁੰਦਾ ਹੈ। ਇਹ ਸਤਿਗੁਰੂ ਜੀ ਦਾ ਫੁਰਮਾਨ ਹੈ :-

ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭਿ ਭੁੰਚਹ।। ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲ ਪਾਪਾ ਮੁੰਚਹ।। (ਆਸਾ ਮਹਲਾ ੫, ਪੰਨਾ ੩੯੯)

• • • • •



www.AKJ.Org

# ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ

ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ

ਹਰ ਮਨੁੱਖ ਸੁੱਖ ਦਾ ਚਾਹਵਾਨ ਹੈ, ਦੁੱਖ ਕੋਈ ਨਹੀਂ ਚਾਹੁੰਦਾ। ਗੁਰੂ ਨਾਨਕ ਸਾਹਿਬ ਦਾ ਕਥਨ ਹੈ :-

ਸੁਖ ਕਉ ਮਾਗੈ ਸਭੁ ਕੋ,
ਦੁਖੁ ਨ ਮਾਗੈ ਕੋਇ।। (ਪੰਨਾ ੫੭)

ਹਰ ਵਿਅਕਤੀ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਉਹ ਵੱਧ ਤੋਂ ਵੱਧ ਸੁੱਖ ਪ੍ਰਾਪਤ ਕਰ ਸਕੇ ਤਾਂ ਕਿ ਉਸ ਦੇ ਸਰੀਰਕ ਇੰਦ੍ਰਿਆਂ, ਮਨ ਤੇ ਆਤਮਾ ਦੀ ਤ੍ਰਿਸ਼ਟੀ ਹੋ ਸਕੇ। ਸੁੱਖ, ਦੁੱਖ ਦੀ ਪ੍ਰੀਭਾਸ਼ਾ ਵੀ ਅਸੀਂ ਆਪਣੀ ਮਨ ਮਰਜ਼ੀ ਦੀ ਕਰ ਲੈਂਦੇ ਹਾਂ। ਜੋ ਸਾਨੂੰ ਚੰਗਾ ਲੱਗਦਾ ਹੈ ਉਹ ਸਾਡੇ ਲਈ ਸੁੱਖ ਹੈ, ਜੋ ਨਹੀਂ ਭਾਉਂਦਾ ਉਹ ਦੁੱਖ ਹੈ। ਪਰ ਸਿੱਖ ਫਲਸਫੇ ਅਨੁਸਾਰ ਮੰਨਿਆ ਗਿਆ ਹੈ ਕਿ ਸੁੱਖ ਤੇ ਦੁੱਖ ਉਸੇ ਤਰ੍ਹਾਂ ਹੰਢਾਉਣਾ ਪੈਂਦਾ ਹੈ ਜਿਸ ਤਰ੍ਹਾਂ ਸਰੀਰ ਢਕਣ ਲਈ ਕੱਪੜੇ ਪਹਿਨਣੇਂ ਪੈਂਦੇ ਹਨ। ਜੀਵਨ ਵਿੱਚ ਖ਼ੁਸ਼ੀਆਂ ਵੀ ਹਨ, ਗਮੀਆਂ ਵੀ ਹਨ, ਸਫਲਤਾਵਾਂ ਵੀ ਹਨ, ਅਸਫਲਤਾਵਾਂ ਵੀ ਹਨ। ਗੁਰੂ ਨਾਨਕ ਸਾਹਿਬ ਦਾ ਹੀ ਕਥਨ ਹੈ -

"ਨਾਨਕ ਬੋਲਣੁ ਝਖਣਾ
ਦੁਖ ਛਡਿ ਮੰਗੀਅਹਿ ਸੁਖ।।
ਸੁਖੁ ਦੁਖੁ ਦੁਇ ਦਰ ਕਪੜੇ
ਪਹਿਰਹਿ ਜਾਇ ਮਨੁਖ।।" (ਪੰਨਾ ੧੪੯)

ਗੁਰਬਾਣੀ ਅਨੁਸਾਰ ਦੁੱਖ ਦਾ ਕਾਰਨ ਹਉਮੈ ਨੂੰ ਮੰਨਿਆ ਗਿਆ ਹੈ। ਹਉਮੈ ਮਨੁੱਖ ਨੂੰ ਪਰਮਾਤਮਾ ਤੋਂ ਵਿਛੋੜ ਦਿੰਦੀ ਹੈ ਤੇ ਮਨੁੱਖ ਦੁਖੀ ਤੇ ਰੋਗੀ ਹੋ ਜਾਂਦਾ ਹੈ, ਭਾਵ ਉਸ ਨੂੰ ਮਾਨਸਿਕ ਤੇ ਸਰੀਰਕ ਰੋਗ ਆ ਵੱਸਦੇ ਹਨ। ਗੁਰੂ ਅਰਜਨ ਸਾਹਿਬ ਅਨੁਸਾਰ -

"ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।।" (ਪੰਨਾ ੧੩੫)

ਪਰ ਨਾਲ ਹੀ ਇਨ੍ਹਾਂ ਰੋਗਾਂ ਦਾ ਇਲਾਜ ਵੀ ਦੱਸਿਆ ਹੈ। ਉਨ੍ਹਾਂ ਦਾ ਫੁਰਮਾਨ ਹੈ-

ਸਰਬ ਰੋਗ ਕਾ ਅਉਖਦੁ ਨਾਮੁ।।

ਮਮਤਾ ਤੇ ਹਉਮੈ ਦੁੱਖ ਦਾ ਕਾਰਨ ਬਣਦੇ ਹਨ। ਜਦੋਂ ਤੱਕ ਮਨੁੱਖ ਇਨ੍ਹਾਂ ਦਾ ਸ਼ਿਕਾਰ ਹੈ ਉਸ ਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਅਰਜਨ ਸਾਹਿਬ ਅਨੁਸਾਰ -

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ।।
ਤਬ ਇਸ ਕਉ ਸੁਖੁ ਨਾਹੀ ਕੋਇ।। (ਪੰਨਾ੨੭੮)

ਹਉਮੈ ਛੱਡ ਕੇ ਵਾਹਿਗੁਰੂ ਦੇ ਹੁਕਮ ਵਿਚ ਰਹਿ ਕੇ ਭਾਣਾ ਮੰਨਣਾ ਹੀ ਅਸਲ ਸੁੱਖ ਹੈ -

ਤਿਸ ਕਾ ਹੁਕਮੁ ਬੂਝਿ ਸੁਖੁ ਹੋਇ।।
ਤਿਸ ਕਾ ਨਾਮੁ ਰਖੁ ਕੰਠਿ ਪਰੋਇ।। (ਪੰਨਾ ੨੮੧)

ਗੁਰਬਾਣੀ ਅਨੁਸਾਰ ਪਰਮਾਨੰਦ ਦੀ ਪ੍ਰਾਪਤੀ ਦਾ ਮਾਰਗ ਪ੍ਰਭੂ-ਸਿਮਰਨ ਹੈ। ਗੁਰੂ ਅਰਜਨ ਸਾਹਿਬ ਨੇ 24 ਅਸਟਪਦੀਆਂ ਤੇ ਆਧਾਰਤ ਜੋ ਦੈਵੀ ਬਾਣੀ "ਸੁਖਮਨੀ" ਰਚੀ ਹੈ, ਉਸ ਦਾ ਕੇਂਦਰੀ ਵਿਚਾਰ -

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।।
ਭਗਤ ਜਨਾ ਕੈ ਮਨ ਬਿਸ੍ਰਾਮ।।

ਵਾਲੀ ਰਹਾਉ ਦੀ ਤੁਕ ਵਿਚ ਅੰਕਿਤ ਹੈ। ਇਸ ਦਾ ਸਰਲ ਭਾਵ ਹੈ ਕਿ ਪ੍ਰਭੂ ਦਾ ਨਾਮ ਹੀ ਸਭ ਸੁਖਾਂ ਦਾ ਮੂਲ ਹੈ ਤੇ ਇਹ "ਨਾਮ" ਭਗਤ ਜਨਾਂ ਦੇ ਹਿਰਦੇ ਵਿਚ ਵਸਦਾ ਹੈ। ਇਸ ਬਾਣੀ ਦੀ ਅੰਤਲੀ ਅਸ਼ਟਪਦੀ ਵਿਚ ਵੀ ਸਤਿਗੁਰੂ ਦਾ ਫੁਰਮਾਨ ਹੈ ਕਿ ਸਾਰੇ ਮਤਾਂ ਦਾ ਨਿਚੋੜ ਪ੍ਰਭੂ ਦਾ ਨਾਮ ਹੀ ਹੈ ਤੇ ਇਸ ਨਾਮ ਦਾ ਨਿਵਾਸ ਪ੍ਰਭੂ-ਭਗਤਾਂ ਦੇ ਮਨ ਵਿਚ ਹੁੰਦਾ ਹੈ -

ਸਗਲ ਮਤਾਂਤ ਕੇਵਲ ਹਰਿ ਨਾਮ।।
ਗੋਬਿੰਦ ਭਗਤ ਕੈ ਮਨਿ ਬਿਸ੍ਰਾਮ।। (ਪੰਨਾ ੨੯੬)

ਸਮੁੱਚੀ "ਸੁਖਮਨੀ ਸਾਹਿਬ" ਇਸੇ ਮੂਲਕ ਤੇ ਕੇਂਦਰੀ ਵਿਚਾਰ ਦਾ ਸਵਿਸਥਾਰਕ ਵਰਨਣ ਹੈ। ਅਸਲ ਵਿਚ ਸੁਖਮਨੀ ਸਾਹਿਬ ਇਕ ਲੰਬੇਰਾ ਨਿਬੰਧ-ਕਾਵਿ ਹੈ। ਹਰ ਅਸ਼ਟਪਦੀ ਵਿਚ ਇੱਕ ਵਿਸ਼ਾ ਅੰਕਿਤ ਹੈ ਤੇ ਆਪਣੇ ਆਪ ਵਿਚ ਇਕ ਨਿੱਕਾ ਨਿਬੰਧ-ਕਾਵਿ ਹੈ। ਸਭ ਅਸ਼ਟਪਦੀਆਂ ਦੇ ਵਿਚਾਰ ਲੜੀਵਾਰ ਇਕ ਦੂਜੇ ਨਾਲ ਜੁੜੇ ਹੋਏ ਹਨ। ਇਸ ਬਾਣੀ ਦਾ ਕੇਂਦਰੀ ਵਿਸ਼ਾ ਸਦੀਵੀ ਸੁਖ ਤੇ ਉਸ ਨੂੰ ਪ੍ਰਾਪਤ ਕਰਨ ਦਾ ਢੰਗ ਹੈ। ਇਹ ਬਾਣੀ ਦਾ ਸਵਿਸਥਾਰਕ ਹੈ, ਹਰ ਵਿਚਾਰ ਨੂੰ ਪੇਸ਼ ਕਰਨ ਲਈ ਕਈ ਕਈ ਤੁਕਾਂ ਰਚੀਆਂ ਗਈਆਂ ਹਨ। ਇਸ ਬਾਣੀ ਦੀ ਮਹੱਤਤਾ ਛੰਦਾਂ ਦੀ ਅਨੂਪਮ ਰਵਾਨੀ, ਸੰਗੀਤਕ ਸ਼ੈਲੀ, ਸਰਲ ਤੇ ਮਿੱਠੀ ਭਾਸ਼ਾ ਕਰਕੇ ਵੀ ਹੈ।

'ਸੁਖਮਨੀ' ਤੋਂ ਭਾਵ ਸੁਖਾਂ ਦੀ ਮਣੀ ਭਾਵ 'ਨਾਮ'



www.AKJ.Org

ਹੈ। ਅੰਤਲੀ ਅਸ਼ਟਪਦੀ ਵਿਚ ਦੱਸਿਆ ਗਿਆ ਹੈ, ਕਿ ਪ੍ਰਭੂ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ। ਉਸ ਦਾ ਨਾਮ ਸਿਮਰਿਆਂ ਸਾਰੀਆਂ ਖੁਸ਼ੀਆਂ ਪ੍ਰਾਪਤ ਹੋ ਜਾਂਦੀਆਂ ਹਨ। ਇਸ ਬਾਣੀ ਵਿਚ ਦਰਸਾਇਆ ਉਪਦੇਸ਼ ਮਨੁੱਖ ਨੂੰ ਸੁਖੀ ਰਹਿਣ ਵਿਚ ਸਹਾਇਕ ਸਿੱਧ ਹੋ ਸਕਦਾ ਹੈ ਜੇਕਰ ਉਸ ਦੈਵੀ ਉਪਦੇਸ਼ ਨੂੰ ਹਿਰਦੇ ਵਿਚ ਵਸਾ ਕੇ ਅਮਲ ਕੀਤਾ ਜਾਵੇ, ਉਸ ਅਨੁਸਾਰ ਜੀਵਨ ਬਤੀਤ ਕੀਤਾ ਜਾਵੇ।

ਸਿੱਖ ਧਰਮ ਮੂਲਿਕ ਤੌਰ ਤੇ ਭਗਤੀ ਦਾ ਧਰਮ ਹੈ। ਭਗਤੀ ਵਿਚੋਂ ਪ੍ਰਥਮ ਤੇ ਸਰੇਸ਼ਟ ਰੂਪ 'ਨਾਮ ਭਗਤੀ' ਦਾ ਹੈ। ਸਿੱਖ-ਸਿਧਾਂਤ ਅਨੁਸਾਰ ਇਸ਼ਟ ਅਕਾਲ ਪੁਰਖ ਨੂੰ ਮੰਨਿਆ ਗਿਆ ਹੈ। ਅਕਾਲ ਪੁਰਖ ਦੀ ਪ੍ਰਾਪਤੀ ਜਾਂ ਉਸ ਤੱਕ ਪੁਜਣ ਦਾ ਢੰਗ ਵੀ ਉਸ ਦੀ ਨਾਮ ਭਗਤੀ ਹੈ। ਇਸ਼ਟ ਅਤੇ ਨਾਮ ਦੀ ਜਾਣਕਾਰੀ ਕੇਵਲ ਗੁਰੂ ਦੁਆਰਾ ਹੀ ਹੋ ਸਕਦੀ ਹੈ। ਇਸ ਲਈ ਗੁਰਮਤਿ ਅਨੁਸਾਰ ਗੁਰ-ਸ਼ਕਤੀ ਵੀ ਉਤਨੀ ਹੀ ਜ਼ਰੂਰੀ ਹੈ ਜਿਤਨੀ ਨਾਮ-ਭਗਤੀ। ਅਸਲ ਵਿਚ ਭਗਤੀ ਦਾ ਸੋਮਾ ਗੁਰੂ ਹੀ ਹੈ। ਗੁਰ-ਭਗਤੀ ਤੋਂ ਹੀ ਨਾਮ ਭਗਤੀ ਪ੍ਰਾਪਤ ਹੁੰਦੀ ਹੈ।

ਸੁਖਮਨੀ ਸਾਹਿਬ ਵਿਚ ਗੁਰ-ਭਗਤੀ ਨੂੰ ਨਾਮ-ਭਗਤੀ ਦਾ ਦਾਤਾ ਮੰਨਿਆ ਗਿਆ ਹੈ। ਪਾਰਬ੍ਰਹਮ ਜੋ ਸਰਬ-ਵਿਆਪਕ ਤੇ ਤਰੈ-ਕਾਲ ਸਤਿ ਹੈ, ਦੇ ਸਰੂਪ ਨੂੰ ਹੀ ਆਰਾਧਿਆ ਗਿਆ ਹੈ, ਪਾਰਬ੍ਰਹਮ ਦੈਵੀ ਗੁਰੂ ਸਰੂਪ ਨੂੰ ਅਰਾਧਿਆ ਗਿਆ ਹੈ, ਜਿਸ ਦਾ ਪ੍ਰਮਾਣ ਸੁਖਮਨੀ ਸਾਹਿਬ ਦਾ ਮੁੱਢਲਾ ਸਲੋਕ ਹੈ -

ਆਦਿ ਗੁਰਏ ਨਮਹ।।
ਜੁਗਾਦਿ ਗੁਰਏ ਨਮਹ।।
ਸਤਿਗੁਰਏ ਨਮਹ।।
ਸ੍ਰੀ ਗੁਰਦੇਵਏ ਨਮਹ।।੧।।

ਗੁਰ-ਭਗਤੀ ਤੋਂ ਉਪਰੰਤ ਸੁਖਮਨੀ ਸਾਹਿਬ ਵਿਚ ਨਾਮ ਭਗਤੀ ਦ੍ਰਿੜ੍ਹਾਈ ਗਈ ਹੈ, ਇਹੋ ਹੀ ਇਸ ਬਾਣੀ ਦਾ ਕੇਂਦਰੀ ਵਿਚਾਰ ਹੈ -

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।।
ਭਗਤ ਜਨਾ ਕੇ ਮਨਿ ਬਿਸ੍ਰਾਮ।।

ਨਾਮ-ਸਿਮਰਨ ਨਾਲ ਮਨੁੱਖ ਵਿਚ ਆਤਮਿਕ, ਸਮਾਜਿਕ, ਸਰੀਰਕ, ਸਦਾ-ਚਾਰਕ ਸ਼ਕਤੀਆਂ ਉਪਜਦੀਆਂ ਹਨ। ਨਾਮ-ਸਿਮਰਨ ਦਾ ਫਲ ਭਗਤ, ਸਾਧ, ਸੰਤ, ਬ੍ਰਹਮ ਗਿਆਨੀ ਹੋਣਾ ਹੈ। ਵੇਦ-ਸਿਮ੍ਰਤੀਆਂ ਵੀ ਸਭ ਨਾਮ-ਸਿਮਰਨ ਦਾ ਹੀ ਫਲ ਹਨ। ਸੁਖਮਨੀ ਸਾਹਿਬ ਅਨੁਸਾਰ -

ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯ੍ਰ।।
ਕੀਨੇ ਰਾਮ ਨਾਮ ਇਕ ਆਖ੍ਯ੍ਰ।।

ਨਾਮ-ਸਿਮਰਨ ਨਾਲ ਧ੍ਰੂਹ, ਪ੍ਰਹਿਲਾਦ, ਸਨਕ, ਸਨੰਦਨ ਵਰਗੇ ਭਗਤ ਪ੍ਰਗਟ ਹੋਏ। ਕਬੀਰ, ਨਾਮਦੇਵ ਤੇ ਰਵਿਦਾਸ ਵਰਗੇ ਨੀਚ ਸਮਝੇ ਜਾਂਦੇ, ਚਾਰ ਕੂੰਟਾਂ ਵਿਚ ਪ੍ਰਸਿੱਧ ਹੋਏ। ਇਹ ਸਭ ਨਾਮ-ਸਿਮਰਨ ਦੀ ਹੀ ਵਡਿਆਈ ਸੀ -

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ।।
ਹਰਿ ਸਿਮਰਨਿ ਲਗਿ ਬੇਦ ਉਪਾਏ।।
ਹਰਿ ਸਿਮਰਨਿ ਭਏ ਸਿਧ ਜਤੀ ਦਾਤੇ।।
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ।।

ਨਾਮ-ਸਿਮਰਨ ਦੀ ਮਹਿਮਾ ਐਸੀ ਹੈ ਕਿ ਸਿਮਰਨ ਕਰਨ ਨਾਲ ਦੁਸ਼ਮਣ ਦੀ ਦੁਸ਼ਮਨੀ ਤੋਂ, ਕਾਲ ਦੀ ਮੌਤ ਤੋਂ ਬਚਾਅ ਹੋ ਜਾਂਦਾ ਹੈ।

ਨਾਮ-ਸਿਮਰਨ ਕਰਨ ਵਾਲਾ ਮੌਤ ਦੇ ਭੈਅ ਤੋਂ ਮੁਕਤ ਹੋ ਜਾਂਦਾ ਹੈ, ਉਸ ਨੂੰ ਸਰੀਰਕ ਤੇ ਮਾਨਸਿਕ ਦੁੱਖ ਪਰੇਸ਼ਾਨ ਨਹੀਂ ਕਰ ਸਕਦੇ। ਗੁਰ ਵਾਕ ਹੈ --

"ਪ੍ਰਭ ਕੈ ਸਿਮਰਨਿ ਕਾਲ ਪਰਹਰੈ।।
ਪ੍ਰਭ ਕੈ ਸਿਮਰਨਿ ਦੁਸਮਨ ਟਰੈ।।.......
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ।।
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ।।"

ਨਾਮ-ਸਿਮਰਨ ਦੀ ਮਹਾਨਤਾ ਪ੍ਰਗਟ ਕਰਦੇ ਹੋਏ ਗੁਰੂ ਅਰਜਨ ਸਾਹਿਬ ਨੇ ਫੁਰਮਾਇਆ ਹੈ ਕਿ ਜੋ ਆਤਮਕ ਉਨਤੀ ਹੋਰ ਕਠਿਨ ਤਰੀਕੇ ਅਪਣਾਇਆ ਨਹੀਂ ਹੋ ਸਕਦੀ, ਉਹ ਸਿਮਰਨ ਦੇ ਸਾਦਾ ਤੇ ਸਰਲ ਢੰਗ ਨਾਲ ਹੋ ਸਕਦੀ ਹੈ।

"ਜਾਪ ਤਾਪ ਗਿਆਨ ਸਭਿ ਧਿਆਨ।।
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ।।
ਜੋਗ ਅਭਿਆਸ ਕਰਮ ਧ੍ਰਮ ਕਿਰਿਆ।।
ਸਗਲ ਤਿਆਗਿ ਬਨ ਮਧੇ ਫਿਰਿਆ।।
ਅਨਿਕ ਪ੍ਰਕਾਰ ਕੀਏ ਬਹੁ ਜਤਨਾ।।
ਪੁੰਨ ਦਾਨ ਹੋਮੇ ਬਹੁ ਰਤਨਾ।।
ਸਰੀਰੁ ਕਟਾਇ ਹੋਮੈ ਕਰਿ ਰਾਤੀ।।
ਵਰਤ ਨੇਮ ਕਰੈ ਬਹੁ ਭਾਤੀ।।
ਨਹੀ ਤੁਲਿ ਰਾਮ ਨਾਮ ਬੀਚਾਰ।।
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ।।੧।।

ਗੁਰੂ ਸਾਹਿਬ ਦੇ ਕਥਨ ਅਨੁਸਾਰ ਹਰੀ-ਪ੍ਰਭੂ ਦੇ


www.AKJ.Org

ਨਾਮ ਦਾ ਦਰਜਾ ਅਤਿ ਉੱਚਾ ਹੈ, ਉਹ ਕੰਗਾਲ ਵਾਸਤੇ ਧਨ ਦੇ ਤੁਲ ਹੈ, ਨਿਥਾਵੇਂ ਵਾਸਤੇ ਟਿਕਾਣਾ, ਨਿਮਾਣੇ ਦਾ ਮਾਨ ਤੇ ਸਭਨਾ ਨੂੰ ਦਾਤਾਂ ਦੇਣ ਵਾਲਾ ਹੈ--

"ਨਿਰਧਨ ਕਉ ਧਨੁ ਤੇਰੋ ਨਾਉ।।
ਨਿਥਾਵੇ ਕਉ ਨਾਉ ਤੇਰਾ ਥਾਉ।।
ਨਿਮਾਨੇ ਕਉ ਪ੍ਰਭ ਤੇਰੋ ਮਾਨੁ।।
ਸਗਲ ਘਟਾ ਕਉ ਦੇਵਹੁ ਦਾਨੁ।।"

(ਪੰਨਾ ੨੬੬)

ਇਸੇ ਲਈ ਗੁਰੂ ਸਾਹਿਬ ਨੇ ਸਾਰਿਆਂ ਧਰਮਾਂ ਵਿਚੋਂ ਸ੍ਰੇਸ਼ਟ ਧਰਮ ਹਰੀ ਦਾ ਨਾਮ ਜਪਣਾ ਤੇ ਨਿਰਮਲ ਕਰਮ ਕਰਨ ਨੂੰ ਮੰਨਿਆ ਹੈ। ਸਭ ਉਦਮਾਂ ਵਿਚੋਂ ਉਹ ਉਦਮ ਭਲਾ ਹੈ, ਜਿਸ ਦੁਆਰਾ ਮਨੁੱਖ ਰਸਨਾ ਤੋਂ ਪ੍ਰਭੂ ਦਾ ਨਾਮ ਜਪਦਾ ਤੇ ਕੰਨਾਂ ਰਾਹੀਂ ਉਸਦਾ ਜਸ ਸੁਣਦਾ ਹੈ। ਉਹ ਹਿਰਦਾ ਸਭ ਤੋਂ ਉਤਮ ਹੈ, ਜਿਸ ਹਿਰਦੇ ਵਿੱਚ ਹਰੀ-ਨਾਮ ਵਸਦਾ ਹੈ :-

ਸਰਬ ਧਰਮ ਮਹਿ ਸ੍ਰੇਸਟ ਧਰਮੁ।।
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।।
ਸਗਲ ਕ੍ਰਿਆ ਮਹਿ ਊਤਮ ਕਿਰਿਆ।।
ਸਾਧਸੰਗਿ ਦੁਰਮਤਿ ਮਲੁ ਹਿਰਿਆ।।
ਸਗਲ ਉਦਮ ਮਹਿ ਉਦਮੁ ਭਲਾ।।
ਹਰਿ ਕਾ ਨਾਮੁ ਜਪਹੁ ਜੀਅ ਸਦਾ।।
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ।।
ਹਰਿ ਕੋ ਜਸੁ ਸੁਨਿ ਰਸਨ ਬਖਾਨੀ।।
ਸਗਲ ਥਾਨ ਤੇ ਓਹੁ ਊਤਮ ਥਾਨੁ।।
ਨਾਨਕ ਜਿਹ ਘਟਿ ਵਸੈ ਹਰਿ ਨਾਮੁ।।

(ਪੰਨਾ ੨੬੬)

(ਚਲਦਾ)

## ਬੀਬੀਆਂ ਦੇ ਚੇਹਰੇ ਦੇ ਵਾਲ

ਕਾਦਰ ਦੀ ਕੁਦਰਤ ਅਨੁਸਾਰ ਕਈ ਬੀਬੀਆਂ ਦੇ ਚੇਹਰੇ ਤੇ ਮੁੱਛਾਂ ਅਤੇ ਦਾੜ੍ਹੀ ਦੇ ਛੋਟੇ ਛੋਟੇ ਵਾਲ ਉਗ ਆਉਂਦੇ ਹਨ। ਕਈ ਬੀਬੀਆਂ ਇਸ ਕੁਦਰਤੀ ਦੇਣ ਨੂੰ ਆਪਣੇ ਸੁਹੱਪਣ ਤੇ ਇੱਕ ਧੱਬਾ ਸਮਝ ਕੇ ਘਟੀਆਪਨ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਹ ਉਨ੍ਹਾਂ ਦੀ ਵੱਡੀ ਭਾਰੀ ਭੁੱਲ ਹੈ। ਰੱਬ ਨਾਲੋਂ ਅਸੀਂ ਵਧੇਰੇ ਸਿਆਣੇ ਨਹੀਂ। ਉਸ ਨੇ ਸਾਡੇ ਸਾਰੇ ਅੰਗ ਬੜੇ ਸੋਚ ਸਮਝ ਕੇ ਵਿਉਂਤ ਕੇ ਬਣਾਏ ਹਨ। ਸਾਡੇ ਨਾਲੋਂ ਸਾਡੇ ਪਿਤਾ-ਪ੍ਰਭੂ ਨੂੰ ਸਾਡੇ ਸੁਹੱਪਣ ਦਾ ਵਧੇਰੇ ਖਿਆਲ ਹੈ। ਉਸ ਅਲੱਖ ਪ੍ਰਭੂ ਦੀਆਂ ਗੋਹਜ ਵਿਉਂਤਾ ਨੂੰ ਅਸੀਂ ਅਲਪੱਗ ਜੀਵ ਲੱਖ ਨਹੀਂ ਸਕਦੇ। ਉਸ ਦੀ ਕੁਦਰਤ ਤੋਂ ਵਾਰਨੇ ਬਲਿਹਾਰਨੇ ਜਾਣ ਵਿੱਚ ਹੀ ਸਾਡਾ ਭਲਾ ਹੈ। ਉਸ ਦੇ ਗੁੱਝੇ ਭੇਦਾਂ ਨੂੰ ਆਮ ਜੀਵ ਸਮਝ ਨਹੀਂ ਸਕਦਾ। "ਤੇਰਾ ਕੀਆ ਮੀਠਾ ਲਾਗੈ" ਵਾਲੀ ਬਿਰਤੀ ਹੀ ਗੁਰੂ ਕੇ ਸਿੱਖਾਂ ਲਈ ਠੀਕ ਸੋਧ ਹੈ।

ਸਿੱਖ ਆਪਣੇਂ ਗੁਰੂ ਦਾ ਹੁਕਮੀ ਬੰਦਾ ਹੈ। ਗੁਰੂ ਦਾ ਹੁਕਮ ਹੈ "ਸਾਬਤ ਸੂਰਤਿ ਦਸਤਾਰ ਸਿਰਾ।" ਗੁਰੂ ਕੇ ਸਿੱਖ ਨੇ ਰੱਬ ਵਲੋਂ ਬਖਸ਼ੀ ਸੂਰਤ ਨੂੰ ਭੰਨਣਾ ਤੋੜਨਾ ਨਹੀਂ ਸਗੋਂ ਇਸ ਨੂੰ ਸਾਂਭ ਸੁਆਰ ਕੇ ਜਿਉਂ ਦੀ ਤਿਉਂ ਰੱਖਣਾ ਹੈ। ਅਸੀਂ ਰੱਬ ਵਲੋਂ ਬਖਸ਼ੀ ਸੂਰਤ ਦਾ ਮਾਣ ਕਰਨਾ ਹੈ ਕਿਉਂਕਿ "ਖਾਲਸਾ ਮੇਰੋ ਰੂਪ ਹੈ ਖਾਸ।" ਸਿੰਘ ਸਰੂਪ ਦੇ ਦਰਸ਼ਨਾਂ ਵਿਚੋਂ ਸਾਨੂੰ ਗੁਰੂ ਕਲਗੀਧਰ ਪਾਤਸ਼ਾਹ ਦੇ ਦਰਸ਼ਨ ਹੁੰਦੇ ਹਨ। ਅਜੇਹੇ ਸਰੂਪ ਨੂੰ ਅਸੀਂ ਕਿਉਂ ਵਿਗਾੜੀਏ ?

ਸੁਹੱਪਣ ਨੂੰ ਮੁੱਖ ਰੱਖ ਕੇ ਅਸੀਂ ਰੋਮਾਂ ਦੀ ਬੇਅਦਬੀ ਕਰਨ ਲਈ ਗੁਰ ਦਰਸਾਈ ਰਹਿਤ ਵਿੱਚ ਛੋਟ ਮੰਗਣ ਲੱਗ ਪੈਂਦੇ ਹਾਂ ਪਰ ਜੇ ਰੱਬ ਸਾਨੂੰ ਕਾਲਾ ਰੰਗ ਬਖਸ਼ ਦੇਵੇ ਤਾਂ ਕੀ ਅਸੀਂ ਖੂਹ ਵਿੱਚ ਛਾਲ ਮਾਰ ਦੇਵਾਂਗੇ ? ਬਹੁਤੇ ਮਦਰਾਸੀ ਅਤੇ ਅਫ਼ਰੀਕਨ ਕਾਲੇ ਧੂਤੇ ਹੀ ਹਨ, ਕੀ ਉਨ੍ਹਾਂ ਦੇ ਰਿਸ਼ਤੇ ਹੋਣੇਂ ਰੁਕ ਜਾਂਦੇ ਹਨ ?

ਘਟੀਆਪਨ ਮਹਿਸੂਸ ਕਰਨਾ ਮਨ ਦੀ ਹੀ ਅਵਸਥਾ ਹੈ। ਗੁਰੂ ਕਾ ਸਿੱਖ ਕਦੇ ਵੀ ਢਹਿੰਦੀ ਕਲਾ ਵਿੱਚ ਨਹੀਂ ਜਾਂਦਾ, ਹਰ ਵੇਲੇ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ, ਨਾਮ ਬਾਣੀ ਸਦਕਾ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੋਇਆ ਗੁਰ-ਹੁਕਮਾਂ, ਗੁਰ-ਦਰਸਾਈ ਰਹਿਤ ਦੀ ਪਾਲਣਾ ਕਰਦਾ ਹੈ। ਜੇ ਸਾਡੀ ਟੇਕ ਆਪਣੇ ਸਤਿਗੁਰੂ ਤੇ ਹੈ ਤਾਂ ਜੀਵਨ ਵਿੱਚ ਸਾਨੂੰ ਕੋਈ ਔਕੜ ਨਹੀਂ ਆਏਗੀ ਕਿਉਂਕਿ -

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ।। ਸੇਵਕ ਕਉ ਗੁਰੁ ਸਦਾ ਦਇਆਲ।। (ਸੁਖਮਨੀ ਸਾਹਿਬ)



www.AKJ.Org

# ਪਖੰਡੀ ਸਾਧਾਂ ਦੇ ਟੋਲੇ

(ਮਹਿੰਦਰ ਸਿੰਘ ਆਜ਼ਾਦ, ਰੋਚਿਸਟਰ ਕੈਂਟ (ਯੂ. ਕੇ.)

ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਅਸੀਂ ਸੱਚ ਅਤੇ ਝੂਠ ਦੀ ਪਹਿਚਾਣ ਨਹੀਂ ਕਰ ਰਹੇ। ਅੱਜ ਕਲ ਪਖੰਡੀ ਸਾਧਾਂ ਦੇ ਟੋਲੇ ਕਿਸ ਨਾ ਕਿਸੇ ਭੇਸ ਵਿੱਚ ਬੇਅੰਤ ਹਨ। ਕਿਸੇ ਨੂੰ ਥੋੜ੍ਹੀ ਜਿਹੀ ਗੁਰਬਾਣੀ ਪੜ੍ਹਨੀ ਆ ਗਈ, ਬੱਸ ਫਿਰ ਕੀ ਬਣ ਗਏ ? ਸੰਤ ਜਾਂ ਗੁਰੂ। ਭੋਲੀ ਭਾਲੀ ਲੋਕਾਈ ਨੂੰ ਠੱਗਣ ਵਿੱਚ ਇਹ ਪ੍ਰਬੀਨ ਹੁੰਦੇ ਹਨ। ਉਪਰੋਂ ਵਿਖਾਵਾ ਸਾਧਾਂ ਵਾਲਾ ਅਤੇ ਵਿਚੋਂ ਸੱਜਣ ਠੱਗ ਨੂੰ ਵੀ ਮਾਤ ਪਾ ਜਾਣ ਵਾਲੇ ਕਰਮ ਤੋਂ ਸੰਕੋਚ ਨਹੀਂ ਕਰਦੇ। ਇਹਨਾਂ ਪਖੰਡੀ ਟੋਲਿਆਂ ਦੇ ਪਖੰਡ ਦੇ ਬੁਰਕੇ ਨੂੰ *'ਨੂਰ ਦੇ ਨੇੜੇ'* ਨਾਮੀ ਪੁਸਤਕ ਵਿੱਚ ਮਹਾਨ ਕਵੀ ਤੇ ਪ੍ਰਸਿੱਧ ਸਵਾਮੀ ਬ੍ਰਹਮ ਦੇਵ ਜੀ ਨੇ ਇਉਂ ਉਤਾਰਿਆ ਹੈ-

*ਸਾਧੂਆਂ ਦੀ ਗੱਲ ਸਾਰਿਆਂ ਤੋਂ ਅੱਗੇ ਹੈ*
*ਦਿਲੋਂ ਸ਼ਾਹ ਕਾਲੇ ਤੇ ਲਿਬਾਸ ਬੱਗੇ ਹੈ।*

-------

*ਜਿਸ ਕੋਲੋਂ ਪੁਛੋ ਬੱਸ ਪੂਰੇ ਮਣ ਦੈ।*
*ਹਰ ਕੋਈ ਨਾਨਕ ਦਾ ਹਾਣੀ ਬਣ ਦੈ।*

--------

*ਜਪਦੇ ਜਪਾਉਂਦੇ ਉੱਝ ਤੇਰਾ ਨਾਮ ਨੇ।*
*ਸੱਚੇ ਦਿਲੋਂ ਤੇਰੀ ਬਹੂ ਦੇ ਗੁਲਾਮ ਨੇ।*

ਇੱਥੇ ਲੇਖਕ ਨੇ ਬਹੂ ਦੇ ਗੁਲਾਮ ਸ਼ਬਦ ਨੂੰ ਵਿਸ਼ਨੂੰ ਜੀ ਦੀ ਪਤਨੀ ਮਾਇਆ ਲੱਛਮੀ ਵੱਲ ਸੰਕੇਤ ਦਿੱਤਾ ਹੈ। ਮਾਇਆ ਨੂੰ ਨਾਗਣੀ ਦੱਸਣ ਵਾਲੇ ਟੋਲੇ ਇਸ ਨਾਗਣੀ ਮਾਇਆ ਨੂੰ ਜੇਬ ਰੂਪੀ ਪਟਾਰੀ ਵਿੱਚ ਕੀਲ ਕੇ ਪਾ ਤੁਰਦੇ ਹਨ। ਭੋਲੀ ਭਾਲੀ ਜਨਤਾ ਤਾਂ ਇਕ ਪਾਸੇ ਰਹੀ, ਇਹ ਤਾਂ ਆਪਣੇ ਪਖੰਡ ਕਲਾ ਨਾਲ ਪੜ੍ਹੇ-ਲਿਖੇ ਵਰਗ ਨੂੰ ਵੀ ਆਪਣੇ ਜਾਲ ਵਿੱਚ ਫਸਾ ਲੈਂਦੇ ਹਨ। ਇਹ ਪੜ੍ਹੇ-ਲਿਖੇ ਸਮਝਦਾਰ ਵੀ ਹੰਸਾਂ ਦਾ ਭੁਲੇਖਾ ਖਾ ਕੇ ਬਗਲਿਆਂ ਦੀ ਪੂਜਾ ਕਰ ਰਹੇ ਹਨ। ਇਹਨਾਂ ਦਾ ਪ੍ਰਚਾਰ ਕਰਦੇ ਹਨ ਤੇ ਗੁਰਮਤਿ ਗਾਡੀ-ਰਾਹ ਨੂੰ ਛੱਡ ਕੇ ਪੁੱਠੇ ਪਾਸੇ ਤੁਰਨ ਵਿੱਚ ਆਪਣੀ ਭਲਾਈ ਸਮਝਦੇ ਹਨ। ਪਵਿਤਰ ਗੁਰਬਾਣੀ ਦਾ ਫੁਰਮਾਨ ਹੈ -

"ਆਪਿ ਡੂਬੇ ਚਹੁ ਬੇਦ ਮਹਿ,
ਚੇਲੇ ਦੀਏ ਬਹਾਇ।।੧੦੪।।" (ਪੰਨਾ ੧੩੭੦)

ਭਾਵ ਪਖੰਡੀ ਆਪ ਤਾਂ ਡੁੱਬਣਗੇ ਹੀ ਚੇਲਿਆਂ ਨੂੰ ਵੀ ਨਾਲ ਹੀ ਲੈ ਡੁੱਬਣਗੇ। ਇਹਨਾਂ ਪਖੰਡੀਆਂ ਦਾ ਬੋਲ ਬਾਲਾ ਉਤਨਾ ਚਿਰ ਰਹੇਗਾ ਹੀ ਜਿੰਨੀ ਦੇਰ ਇਹਨਾਂ ਨੂੰ ਯੋਗ ਢੰਗ ਨਾਲ ਨੱਥ ਨਹੀਂ ਪਾਈ ਜਾਂਦੀ।

ਇਕ ਪੁਰਾਤਨ ਕਹਾਵਤ ਚਲੀ ਆਉਂਦੀ ਹੈ-

*"ਘਰ ਘਰ ਹੋਏ ਬਹੋਂਗੇ ਰਾਮਾ।*
*ਇਨ ਸੇ ਕੋਈ ਸਰੇ ਨਾ ਕਾਮਾ।"*

ਜਿੰਨਾ ਚਿਰ ਸਿੱਖ ਧਰਮ ਵਿੱਚ ਇਹ ਬਗਲੇ ਭਗਤ, ਚਿੱਟ ਕੱਪੜੀਏ ਜਾਂ ਹੋਰ ਵੱਖਰੇ ਪਹਿਰਾਵਿਆਂ ਵਾਲੇ ਟੋਲੇ ਜੋ ਆਪਣੇ ਆਪ ਨੂੰ ਗੁਰੂ ਅਖਵਾਉਣ ਤੋਂ ਸੰਕੋਚ ਨਹੀਂ ਕਰਦੇ, ਜਦੋਂ ਤੱਕ ਇਨ੍ਹਾਂ ਸਾਰੇ ਪਖੰਡੀਆਂ ਨੂੰ ਸਿੱਖ ਪੰਥ ਸੁਮੱਤ ਨਹੀਂ ਬਖਸ਼ਦਾ, ਸਾਡਾ ਧਰਮ ਪ੍ਰਫੁੱਲਤ ਨਹੀਂ ਹੋ ਸਕਦਾ ਕਿਉਂਕਿ ਇਹ ਟੋਲੇ ਦੀਮਕ ਬਣ ਕੇ ਸਿੱਖ ਧਰਮ ਨੂੰ ਅੰਦਰੋਂ ਅੰਦਰੀ ਖੋਖਲਾ ਕਰੀ ਜਾ ਰਹੇ ਹਨ।

ਇਕ ਟੋਲਾ ਤਾਂ ਐਸਾ ਵੀ ਹੈ, ਜੋ ਆਖਦੇ ਹਨ ਸਾਡੇ ਪਾਸ ਆਓ, ਸਾਡੇ ਚੇਲੇ ਬਣੋ, ਤੁਹਾਡੇ ਕੀਤੇ ਅਪਰਾਧ ਜਿਵੇਂ ਮਾਸ, ਸ਼ਰਾਬ, ਪਰ-ਇਸਤਰੀ ਜਾਂ ਪਰ-ਪੁਰਸ਼ ਦੇ ਔਗੁਣਾਂ ਨੂੰ ਗੁਣਾਂ ਵਿੱਚ ਬਦਲ ਕੇ ਪਵਿੱਤਰ ਕਰ ਦਿਆਂਗੇ। ਆਖਦੇ ਹਨ, ਕੀ ਲੈਣਾ ਹੈ ਗੁਰਬਾਣੀ ਪੜ੍ਹ ਕੇ, ਕੀ ਲੈਣਾ ਹੈ ਅੰਮ੍ਰਿਤ ਵੇਲੇ ਜਾਗ ਕੇ, ਐਵੇਂ ਹੀ ਸਰੀਰ ਨੂੰ ਕਸ਼ਟ ਦੇ ਰਹੇ ਹੋ। ਸਾਡੇ ਪਾਸ ਆਵੋ, ਸਾਡੀ ਬਾਣੀ ਪੜ੍ਹੋ, ਕੋਈ ਬੰਦਸ਼ ਨਹੀਂ। ਕਦੇ ਹੋ ਸਕਿਆ ਸਾਡਾ ਦਿੱਤਾ ਮੰਤਰ ਪੜ੍ਹ ਲਿਆ। ਇਸ ਨਾਲ ਤੁਹਾਡੇ ਕੀਤੇ ਪਾਪ ਧੋਤੇ ਜਾਣਗੇ।

ਪਿੱਛੇ ਜਿਹੇ ਭਾਈ ਮਦਨ ਸਿੰਘ ਜੀ ਦੇ ਲੇਖ *'ਗੁਰੂ ਡੰਮ'* ਨੇ ਚੰਗੀ ਖੁੰਬ ਠੱਪੀ ਸੀ ਇਹਨਾਂ ਪਖੰਡੀਆਂ ਦੀ। ਜੇ ਇਸੇ ਤਰ੍ਹਾਂ ਸਾਡੇ ਲੇਖਕਾਂ 'ਚ ਸੱਚਾਈ ਪ੍ਰਗਟ ਕਰਨ ਦੀ ਜੁਅਰਤ ਆ ਜਾਵੇ, ਕਿੰਨਾ ਚੰਗਾ ਹੋਵੇ। ਇਹਨਾਂ ਦੀਆਂ ਦੁਕਾਨਾਂ ਦਾ ਸੌਦਾ ਦੇਖੋ, ਕੋਈ ਇਲਾਚੀਆਂ ਤੇ ਫੂਕਾਂ ਮਾਰਦਾ ਹੈ, ਕੋਈ ਪਾਣੀ 'ਚ ਫੂਕ ਮਾਰਕੇ ਕੋਈ ਨਸ਼ੀਲੀ ਵਸਤੂ ਮਿਲਾ ਕੇ ਦਿੰਦਾ ਹੈ, ਕੋਈ ਪੁੱਤਰ ਬਖਸ਼ਦਾ ਫਿਰਦਾ ਹੈ। ਆਪ ਡੰਡਾ ਥੋਹਰ ਵਰਗੇ ਹਨ, ਨਾ ਰੰਨ ਨਾ ਕੰਨ ਤੇ ਦੂਜਿਆਂ ਨੂੰ ਬਖਸ਼ਦੇ ਹਨ ਪੁੱਤਰ।

ਅੱਜ ਇਹ ਲੋਕ ਗੁਰਬਾਣੀ ਤੋਂ ਸੇਧ ਲੈ ਕੇ ਆਪਣੀਆਂ ਦੁਕਾਨਾਂ ਚਲਾਉਂਦੇ ਹਨ। ਹੌਲੀ ਹੌਲੀ ਗੁਰਬਾਣੀ ਤੋਂ ਵੀ ਮੁਨਕਰ ਹੋ ਜਾਣਗੇ। ਗੁਰਬਾਣੀ ਦੀਆਂ ਪਾਵਨ ਪੰਗਤੀਆਂ ਨੂੰ ਆਪਣੀ ਹੀ ਰੰਗਤ ਦੇ ਕੇ ਆਪਣੀ ਕਵਿਤਾ ਵਿੱਚ ਮਿਲਾ ਕੇ, ਆਪਣੀ ਬਾਣੀ ਕਹਿਣੀ ਸ਼ੁਰੂ ਕਰ ਦੇਣਗੇ। ਕੋਈ ਇਨ੍ਹਾਂ ਨੂੰ *'ਅਵਤਾਰ ਬਾਣੀ'* ਕੋਈ *'ਯੁੱਗ ਪੁਰਸ਼ ਬਾਣੀ'* ਆਦਿ ਨਾਮ ਰੱਖ ਕੇ ਆਪਣਾ



www.AKJ.Org

ਪ੍ਰਚਾਰ ਕਰ ਰਹੇ ਹਨ ਤੇ ਕਰਨਗੇ ਵੀ।

ਅੰਮ੍ਰਿਤਸਰ ਦੇ ਇਲਾਕੇ ਵਿੱਚ ਆਪੂੰ ਇੱਕ ਗੁਰੂ ਬਣਿਆ ਫਿਰਦਾ ਸੀ। ਲੋਕਾਂ ਤਾਈਂ ਆਖਦਾ ਸੀ ਮੈਂ ਨੌ ਮਣ ਦਾ ਗ੍ਰੰਥ ਬਨਾਉਣਾ ਹੈ। ਮੇਰੀ ਬਾਣੀ ਪੜ੍ਹੋ, ਇਸ ਨਾਲ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਵੋਗੇ। ਉਹ ਆਪਣੀ ਬਾਣੀ (ਕਵਿਤਾ) ਵਿੱਚ ਇਉਂ ਊਲ ਜਲੂਲ ਲਿਖਦਾ ਹੈ-

*"ਜੇਠੂ ਆਣੇ ਤੁਰ ਪਏ*
*ਜੈਤੀ ਪੁਰੇ ਆ ਗਏ, ਮੂਲੀਆਂ ਦਾ*
*ਢੇਰ ਵੇਖਿਆ ਪੈਸੇ ਦੀਆਂ*
*ਲਈਆਂ ਲੈ ਭਾਈ।*
*ਹੱਟੀ ਤੋਂ ਲੂਣ ਲੈ ਕੇ,*
*ਪੱਥਰ ਉੱਤੇ ਰਗੜ ਲਿਆ,*
*ਲੱਭ ਲਈਆਂ ਮਿਰਚਾਂ,*
*ਉਹਦੇ ਵਿਚੋਂ ਲਈਆਂ ਮਿਲਾ ਭਾਈ।*
*ਨਾਲੇ ਚੀਰੀਆਂ ਕੱਟੀਆਂ ਕਰ ਟੁਕੜੇ,*
*ਲਾਇਆ ਲੂਣ ਤੇ ਚੋ ਪਿਆ ਪਾਣੀ,*
*ਢਿੱਡ ਭਰ ਕੇ ਲਈਆਂ ਅਸਾਂ ਖਾ ਭਾਈ।।*

ਅਜਿਹੀ ਬਾਣੀ (ਕਵਿਤਾ) ਲਿਖ ਕੇ ਭਾਵੇਂ ਚੌਦਾਂ ਮਣ ਦਾ ਗ੍ਰੰਥ ਬਣਾ ਲਵੇ। ਨਾ ਮੂਲੀਆਂ ਮੁੱਕਣੀਆਂ ਨਾ ਗ੍ਰੰਥ ਦਾ ਅੰਤ ਹੋਣਾ ਹੈ। ਇਹੋ ਜਿਹਾ ਗ੍ਰੰਥ ਰਚਦਾ ਰਚਦਾ ਮਰ ਗਿਆ ਹਾਦਸੇ 'ਚ। ਇਹ ਜਿਤਨੇ ਵੀ ਪਖੰਡੀ ਟੋਲੇ ਗੁਰੂ ਜਾਂ ਰੱਬ ਬਣੇ ਫਿਰਦੇ ਹਨ ਸਾਡੀ ਆਪਣੀ ਕਮਜ਼ੋਰੀ ਹੈ। ਸਾਡੀ ਭੋਲੀ ਭਾਲੀ ਜਨਤਾ ਇਹਨਾਂ ਨੂੰ ਚੰਗੀ ਤਰ੍ਹਾਂ ਸਮਝਣ ਦੀ ਬਜਾਏ, ਰੱਬ ਸਮਝਣ ਲੱਗ ਪੈਂਦੀ ਹੈ। ਇਹੋ ਜਿਹੇ ਪਖੰਡੀ ਸਾਧ ਸਾਡੀ ਬੇਸਮਝੀ ਨੇ ਹੀ ਬਣਾਏ ਹੋਏ ਹਨ। ਸਾਨੂੰ ਅਸਲ ਤੇ ਨਕਲ ਦੀ ਪਛਾਣ ਕਰਨੀ ਨਹੀਂ ਆਉਂਦੀ। ਅਸੀਂ ਵੇਖਦੇ ਹਾਂ ਕਿ ਵਧੀਆਂ ਕਾਰ ਤੇ ਸੋਹਣੇ ਚੋਲੇ ਵਾਲੇ, ਜਿੰਨ੍ਹਾਂ ਦੇ ਹੱਥ 'ਚ ਹਾਥੀ ਦੰਦ ਜਾਂ ਰੁਦਰਾਖ ਦੀ ਮਾਲਾ ਅਤੇ ਬਹੁਤ ਸਮਾਂ ਨੇਤਰ ਬੰਦ ਰੱਖਦੇ ਹਨ। ਇਹਨਾਂ ਵਿਚੋਂ ਸਾਧ ਤੇ ਠੱਗ ਦੀ ਪਛਾਣ ਲਈ ਕਿਹੜਾ ਥਰਮਾਮੀਟਰ ਹੋਵੇ, ਜਿਸ ਨਾਲ ਸਹੀ ਸੰਤ ਨੂੰ ਪਛਾਣ ਸਕੀਏ ? ਗੁਰਬਾਣੀ ਦੇ ਥਰਮਾਮੀਟਰ ਨਾਲ ਇਸ ਤਰ੍ਹਾਂ ਪਰਖ ਹੋ ਜਾਂਦੀ ਹੈ-

ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ।।
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਿਸ ਕੇ ਠਗ।।

(ਪੰਨਾ ੪੭੬)

ਬਾਬਾ ਜੀ ਪੈਸੇ ਨੂੰ ਹੱਥ ਤੱਕ ਨਹੀਂ ਲਾਉਂਦੇ। "ਮਾਇਆ ਹੋਈ ਨਾਗਣੀ ਜਗਤਿ ਰਹੀ ਲਪਟਾਇ।" ਪੈਸੇ ਨੂੰ ਸੱਪਾਂ ਨਾਲ ਤੁਲਨਾ ਦੇ ਕੇ ਲੋਕਾਂ ਨੂੰ ਉਪਦੇਸ਼ ਦਿੰਦੇ ਹਨ। ਇਹਨਾਂ ਦੇ ਚੇਲੇ ਕਹਿੰਦੇ ਹਨ *'ਬਾਬਾ ਜੀ ਮਾਇਆ ਤੋਂ ਨਿਰਲੇਪ ਹਨ।'* ਪਰ ਜੇ ਕੋਈ ਅਛੋਪਲੇ ਜੇਹੇ ਇਹਨਾਂ ਦੇ ਰੇਸ਼ਮੀ ਕੋਟ ਦੀ ਜੇਬ ਰੂਪੀ ਪਟਾਰੀ ਵਿੱਚ ਨੋਟ ਪਾ ਜਾਵੇ ਤਾਂ ਕੋਈ ਹਰਜ਼ ਨਹੀਂ। ਇਸ ਤਰ੍ਹਾਂ ਦੇ ਬਾਬੇ ਪੌਣਹਾਰੀ ਤੇ ਮਾਇਆ ਤੋਂ ਨਿਰਲੇਪ ਹਨ।

ਪਰ ਜਦੋਂ ਬਾਬਾ ਜੀ ਦੀ ਵਿਦੇਸ਼ ਫੇਰੀ ਖਤਮ ਹੋਣ ਸਮੇਂ ਭਾਰਤ ਵਾਪਸ ਜਾਣ ਲੱਗੇ, ਇਹਨਾਂ ਬਾਬਿਆਂ ਦਾ ਮੁੱਖੀ ਚੇਲਾ ਉਠਿਆ ਤੇ ਹੱਥ ਜੋੜ ਕੇ ਬਾਬਿਆਂ ਦੇ ਵਾਪਸ ਜਾਣ ਬਾਰੇ ਸੂਚਿਤ ਕੀਤਾ, ਕਈ ਸ਼ਰਧਾਲੂਆਂ ਦੇ ਵਿਯੋਗ ਦੀ ਘੜੀ ਯਾਦ ਕਰਕੇ ਨੇਤਰਾਂ ਵਿਚੋਂ ਪਿਆਰ ਦੇ ਅੱਥਰੂ ਵਹਿ ਤੁਰੇ। ਇਸ ਚੇਲੇ ਨੇ ਬਾਬਿਆਂ ਵਲੋਂ ਅਪੀਲ ਕਰ ਦਿੱਤੀ ਕਿ ਬਾਬਾ ਜੀ ਨੇ ਇੰਡੀਆ ਜਾ ਕੇ ਇਕ ਗੁਰੂ ਘਰ ਬਨਾਉਣਾ ਹੈ, ਦਿਲ ਖੋਹਲ ਕੇ ਦਾਨ ਕਰੋ। ਏਨੀ ਹੀ ਅਪੀਲ ਤੇ ਲੱਗੀ ਪੌਡਾਂ ਤੇ ਸੋਨੇ ਦੀ ਵਰਖਾ।

ਸ: ਮਹਿੰਦਰ ਸਿੰਘ ਨੇ ਦਿੱਤੇ 500 ਪੌਂਡ, ਲਓ ਬਾਬਾ ਜੀ ਤੁੱਛ ਜੇਹੀ ਭੇਟ। ਸ: ਜੁਗਿੰਦਰ ਸਿੰਘ ਨੇ ਸਵਾ ਪੰਜ ਸੌ ਪੌਂਡ, ਸ: ਮੇਲਾ ਸਿੰਘ ਨੇ ਕਿਹਾ ਮੈਂ ਕਿਉਂ ਪਿੱਛੇ ਰਹਾਂ। ਮੇਰੀ ਭੇਟ ਇਕ ਹਜ਼ਾਰ ਪੌਂਡ ਪ੍ਰਵਾਨ ਕਰੋ। ਇਸ ਤਰ੍ਹਾਂ ਰੀਸੋ ਰੀਸੀ ਇਕ ਦਾਨੀ ਦੋ ਹਜ਼ਾਰ ਪੌਂਡ ਦਾ ਚੈਕ ਵੀ ਅਰਪਨ ਕਰ ਗਿਆ। ਮਾਈਆਂ ਬੀਬੀਆਂ ਨੇ ਸੋਚਿਆਂ ਇਸ ਦੇਸ਼ ਵਿੱਚ ਤਾਂ ਅਸੀਂ ਵੀ ਮਰਦਾਂ ਦੇ ਬਰਾਬਰ ਕਮਾਈ ਕਰਦੀਆਂ ਹਾਂ। ਅਸੀਂ ਇਸ ਦਾਨ ਦੀ ਦੌੜ ਵਿੱਚ ਕਿਵੇਂ ਪਿੱਛੇ ਰਹਿ ਜਾਈਏ ? ਕਿਸੇ ਮਾਈ ਨੇ ਸੋਨੇ ਦੀਆਂ ਚੂੜੀਆਂ, ਕਿਸੇ ਨੇ ਗਲੇ ਦਾ ਹਾਰ, ਕਿਸੇ ਨੇ ਮੁੰਦੀਆਂ ਅਤੇ ਕਿਸੇ ਬੀਬੀ ਨੇ ਵਾਲੀਆਂ ਲਾਹ ਕੇ ਦਾਨ-ਪਾਤਰ ਵਿੱਚ ਪਾ ਦਿੱਤੀਆਂ। ਇਸ ਤਰ੍ਹਾਂ ਪਖੰਡ ਦੀ ਕਲਾ ਦੇ ਜ਼ੋਰ ਨਾਲ ਲੱਖਾਂ ਪੌਂਡ ਨਕਦੀ ਤੇ ਸੋਨੇ ਦੇ ਰੂਪ ਵਿੱਚ ਪੰਡ ਬੰਨ੍ਹ ਕੇ ਸੰਤ ਜੀ ਔਹ ਗਏ, ਔਹ ਗਏ ਹੋ ਗਈ।

ਆਓ ! ਅਸੀਂ ਪਖੰਡੀਆਂ ਤੋਂ ਬਚਣ ਲਈ ਜਾਗਰੂਕ ਹੋਈਏ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਜੋ ਅਟੱਲ ਸਚਾਈਆਂ ਨਾਲ ਭਰਪੂਰ ਹੈ, ਪੜ੍ਹ ਕੇ ਵਿਚਾਰ ਕਰੀਏ, ਸੁਣੀਏ ਤੇ ਮਨ ਵਿੱਚ ਧਾਰਨ ਕਰੀਏ, ਗੁਰਮੁਖਿ ਗਾਡੀ-ਰਾਹ ਤੇ ਚੱਲਣ ਦਾ ਯਤਨ ਕਰੀਏ, ਗੁਰੂ ਅੱਗੇ ਅਰਦਾਸ ਕਰੀਏ ਕਿ ਸਾਨੂੰ ਉਚੇਰੀ ਸੂਝ ਬਖਸ਼ ਤਾਂ ਕਿ ਪਖੰਡੀ ਟੋਲਿਆਂ ਤੋਂ ਮੁਕਤ ਹੋ ਸਕੀਏ।

•••••


www.AKJ.Org

## ਵਾਰ ਮਾਰੂ ਡਖਣੇ (੧੧)

(ਭਾਈ ਜੋਗਿੰਦਰ ਸਿੰਘ ਤਲਵਾੜਾ)

### ਸਲੋਕ ਡਖਣੇ ਮ: ੫॥

ਲਗੜੀਆ ਪਿਰੀਅੰਨਿ, ਪੇਖੰਦੀਆ ਨਾ ਤਿਪੀਆ॥
ਹਭ ਮਝਾਹੂ ਸੋ ਧਣੀ, ਬਿਆ ਨ ਡਿਠੋ ਕੋਇ॥੧॥
ਮ: ੫॥ ਕਥੜੀਆ ਸੰਤਾਹ, ਤੇ ਸੁਖਾਊ ਪੰਧੀਆ॥
ਨਾਨਕ ਲਧੜੀਆ ਤਿੰਨਾਹ, ਜਿਨਾ ਭਾਗੁ ਮਥਾਹੜੈ॥੨॥
ਮ:੫॥ ਡੂੰਗਰਿ ਜਲਾ ਥਲਾ, ਭੂਮਿ ਬਨਾ ਫਲ ਕੰਦਰਾ॥
ਪਾਤਾਲਾ ਆਕਾਸ, ਪੂਰਨੁ ਹਭ ਘਟਾ॥
ਨਾਨਕ ਪੇਖਿ ਜੀਓ, ਇਕਤੁ ਸੂਤਿ ਪਰੋਤੀਆ॥੩॥

ਉਚਾਰਣ : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿੱਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ : ਲਗੜੀਆ-ਲਗੀਆਂ ਹੁੰਦੀਆਂ ਹਨ। ਪੇਖੰਦੀਆ-ਵੇਖਦੀਆਂ ਹੋਈਆਂ (ਪਿਰੀ ਨੂੰ)। (ਨ) ਤਿਪੀਆ-ਨਹੀਂ ਰਜਦੀਆਂ। ਮਝਾਹੂ-ਵਿੱਚ। ਕਥੜੀਆ-(ਕਥਾ ਕਹਾਣੀਆਂ) ਜੋ ਕਥੀਆਂ ਹਨ। ਪੰਧੀਆ-ਜੀਵਨ-ਪੰਧ (ਰਾਹ) ਦਿਖਾਉਣ ਵਾਲੀਆਂ ਪਗ-ਡੰਡੀਆਂ। ਲਧੜੀਆ-ਲਭੀਆਂ ਹਨ। ਤਿੰਨਾਹ-ਉਹਨਾਂ ਨੂੰ। ਜਿਨਾ-ਜਿਨ੍ਹਾਂ ਮਨੁੱਖਾਂ ਦੇ।
ਤਿਪੀਆ-'ਪ' ਉਚਾਰਣ ਧੁਨੀ ਨੂੰ ਦੁੱਤ ਕਰ ਕੇ।
ਜਿਨਾ-'ਨ' ਉਚਾਰਣ ਭਾਰਾ।
ਪਰੋਤੀਆ-ਉਚਾਰਣ ਨਾਸਕਤਾ ਬਗੈਰ।
ਜਲਾ, ਥਲਾ, ਬਨਾ, ਕੰਦਰਾ, ਪਾਤਾਲਾ, ਘਟਾ-ਉਚਾਰਣ ਨਾਸਕਤਾ ਰਹਿਤ।

ਪਦ ਅਰਥ : ਪਿਰੀਅੰਨਿ-ਪਿਰੀ ਨਾਲ। ਹਭ ਮਝਾਹੂ-ਸਭਨਾਂ ਵਿੱਚ। ਧਣੀ-ਮਾਲਕ। ਬਿਆ-ਕੋਈ ਦੂਜਾ।੧।

ਕਥੜੀਆ ਸੰਤਾਹ-ਸਤ-ਪੁਰਸ਼ਾਂ ਨੇ। (ਹਰੀ ਦੀਆਂ ਕਥਾ ਕਹਾਣੀਆਂ) ਕਥੀਆਂ ਹਨ। ਤੇ-ਉਹ (ਬਹੁ-ਵਚਨ)। ਸੁਖਾਊ ਪੰਧੀਆ-ਪ੍ਰੀਤਮ-ਪ੍ਰਾਪਤੀ ਦਾ ਮਾਰਗ-ਦਰਸ਼ਨ ਕਰਨ ਵਾਲੀਆਂ ਸੁਖਦਾਈ ਪਗ-ਡੰਡੀਆਂ। ਭਾਗੁ-ਚੰਗਾ ਲੇਖ। ਮਥਾਹੜੈ-ਮੱਥੇ ਉੱਤੇ।੨।

ਡੂੰਗਰਿ-ਹਰੇਕ ਪਹਾੜ ਉਤੇ। ਜਲਾ-ਜਲ ਵਿਚ। ਥਲਾ-ਥਲ ਵਿਚ। ਭੂਮਿ ਬਨਾ ਫਲ-ਧਰਤੀ ਦੀ ਬਨਸਪਤੀ। ਪੂਰਨੁ-ਵਿਆਪਕ। ਹਭ ਘਟਾ-ਹਰ ਇਕ ਸਰੀਰ ਵਿਚ। ਪੇਖਿ ਜੀਓ-ਦੇਖ ਕੇ ਜੀ ਉਠਦਾ ਹੈ। ਇਕਤੁ ਸੂਤਿ-ਇਕ ਸੂਤਰ (ਮਰਯਾਦਾ) ਵਿਚ। ਪਰੋਤੀਆ-ਪ੍ਰੋਤੀ ਹੋਈ ਹੈ (ਸਾਰੀ ਰਚਨਾ)।੩।

ਅਰਥ : ਜਿਹੜੀਆਂ (ਅੱਖਾਂ) ਪ੍ਰੀਤਮ-ਪ੍ਰਭੂ ਵਲ ਲਗੀਆਂ ਹੁੰਦੀਆਂ ਹਨ, ਉਹ ਪ੍ਰੀਤਮ-ਪ੍ਰਭੂ ਨੂੰ (ਹਰ ਥਾਵੇਂ ਤੇ ਹਰ ਕਿਸੇ ਵਿਚ ਵਸਦਾ) ਵੇਖਦੀਆਂ ਹੋਈਆਂ ਰਜਦੀਆਂ ਨਹੀਂ। ਉਹਨਾਂ ਨੂੰ ਸਭਨਾਂ ਵਿਚ ਉਹ ਮਾਲਕ ਪਿਆਰਾ ਪ੍ਰੀਤਮ ਹੀ ਰਮਿਆ ਹੋਇਆ ਪ੍ਰਤੀਤ ਹੁੰਦਾ ਹੈ, ਉਸ ਤੋਂ ਬਗੈਰ ਕੋਈ ਦੂਜਾ ਉਹਨਾਂ ਕਦੀ ਵੇਖਿਆ ਹੀ ਨਹੀਂ।੧।

(ਪ੍ਰੀਤਮ-ਪ੍ਰਭੂ ਦੀਆਂ ਕਥਾ ਕਹਾਣੀਆਂ) ਸਤ ਪੁਰਸ਼ਾਂ ਨੇ ਕਥਨ ਕੀਤੀਆਂ ਹਨ, ਇਹ ਪ੍ਰੀਤਮ-ਪ੍ਰਾਪਤੀ ਦਾ ਮਾਰਗ-ਦਰਸ਼ਨ ਕਰਨ ਵਾਲੀਆਂ (ਜੀਵਨ-ਪੰਧ ਦਿਖਾਉਣ ਵਾਲੀਆਂ ਸੁਖਦਾਈ ਪਗ-ਡੰਡੀਆਂ ਹਨ।

ਨਾਨਕ ! ਉਹ 'ਕਥਾ ਕਹਾਣੀਆਂ ਲਭਦੀਆਂ ਕੇਵਲ ਉਹਨਾਂ ਨੂੰ ਹਨ, ਜਿੰਨ੍ਹਾਂ ਦੇ ਮੱਥੇ ਤੇ ਚੰਗਾ (ਸ਼ੁਭ) ਲੇਖ ਲਿਖਿਆ ਹੋਵੇ।੨।

ਕੀ ਪਹਾੜ ਉਤੇ, ਕੀ ਜਲ ਵਿਚ, ਕੀ ਥਲ ਵਿਚ, ਸਾਰੀ ਪ੍ਰਿਥਵੀ ਦੀ ਬਨਸਪਤੀ ਵਿਚ, ਹਰੇਕ ਕੰਦਰਾ (ਗੁਫਾ) ਵਿਚ, ਪਾਤਾਲ ਵਿਚ, ਆਕਾਸ਼ ਵਿਚ ਅਤੇ ਹਰੇਕ ਜੀਵ ਵਿਚ ਪ੍ਰਭੂ ਪਰੀਪੂਰਨ ਹੈ।

ਨਾਨਕ ! (ਜਿਸ ਸਰਬ ਵਿਆਪੀ ਪ੍ਰਭੂ ਦੇ) ਸਾਰੀ ਰਚਨਾ ਇਕੋ ਹੁਕਮ-ਸੂਤਰ ਵਿਚ ਪ੍ਰੋਤੀ ਹੋਈ ਹੈ, ਉਸ ਨੂੰ! (ਰਚਨਾ ਵਿਚ ਹਲੂਲ ਹੋਇਆ) ਵੇਖ ਕੇ ਜੀਉ (ਅੰਦਰਲਾ) ਜੀ ਉਠਦਾ ਹੈ।੩।

### ਪਉੜੀ

ਹਰਿ ਜੀ ਮਾਤਾ ਹਰਿ ਜੀ ਪਿਤਾ, ਹਰਿ ਜੀਉ ਪ੍ਰਤਿਪਾਲਕ॥
ਹਰਿ ਜੀ ਮੇਰੀ ਸਾਰ ਕਰੇ, ਹਮ ਹਰਿ ਕੇ ਬਾਲਕ॥
ਸਹਜੇ ਸਹਜਿ ਖਿਲਾਇਦਾ, ਨਹੀ ਕਰਦਾ ਆਲਕ॥
ਅਉਗਣੁ ਕੋ ਨ ਚਿਤਾਰਦਾ, ਗਲ ਸੇਤੀ ਲਾਇਕ॥
ਮੁਹਿ ਮੰਗਾਂ ਸੋਈ ਦੇਵਦਾ, ਹਰਿ ਪਿਤਾ ਸੁਖਦਾਇਕ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ, ਇਸੁ ਸਉਦੇ ਲਾਇਕ।
ਸਾਝੀ ਗੁਰ ਨਾਲਿ ਬਹਾਲਿਆ, ਸਰਬ ਸੁਖਪਾਇਕ॥
ਮੈ ਨਾਲਹੁ ਕਦੇ ਨ ਵਿਛੁੜੈ, ਹਰਿ ਪਿਤਾ ਸਭਨਾ ਗਲਾ ਲਾਇਕ॥੨੧॥

ਉਚਾਰਣ : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ : ਮੈ ਨਾਲਹੁ-ਮੈਥੋਂ। ਗਲਾ-ਬਾਤਾਂ।
ਖਿਲਾਇਦਾ-'ਇ' ਉਚਾਰਣ ਨਾਸਕੀ।
ਮੁਹਿ-'ਮੁ' ਉਚਾਰਣ ਨਾਸਕੀ। ਦੇਵਦਾ-'ਦੇ' ਉਚਾਰਣ ਨਾਸਕੀ।
ਸਉਪਿਓਨੁ-'ਉ' ਉਚਾਰਣ ਨਾਸਕੀ।
ਸਾਝੀ-'ਸਾ' ਉਚਾਰਣ ਨਾਸਕੀ।

ਪਦ ਅਰਥ : ਪ੍ਰਤਿਪਾਲਕ-ਪਾਲਣ ਵਾਲਾ। ਸਾਰ-ਸੰਭਾਲ। ਸਹਜੇ-ਸਹਜ ਹੀ ਸਹਜ (ਨਿਰੋਲ ਸਹਜ) ਵਿਚ। ਆਲਕ-ਆਲਸ। ਲਾਇਕ-ਲਾਉਣ ਵਾਲਾ। ਸੁਖਦਾਇਕ



www.AKJ.Org

-ਸੁਖ ਦੇਣ ਵਾਲਾ। ਰਾਸਿ-ਪੂੰਜੀ। ਸਉਪਿਓਨੁ-ਉਸ (ਵਾਹਿਗੁਰੂ) ਨੇ ਸੌਂਪਿਆ (ਬਖਸ਼ਿਆ) ਹੈ। ਲਾਇਕ-ਜੋਗ। ਸਾਝੀ-ਭਾਈਵਾਲ। ਪਾਇਕ-ਸੇਵਕ, ਟਹਿਲੀਏ। ਲਾਇਕ -ਸਮਰੱਥ।

ਅਰਥ : ਹਰੀ-ਪ੍ਰਭੂ ਜੀ ਮਾਤਾ ਹਨ, ਹਰੀ-ਪ੍ਰਭੂ ਜੀ ਪਿਤਾ ਹਨ, ਅਤੇ ਹਰੀ-ਪ੍ਰਭੂ ਜੀ ਪ੍ਰਤਿਪਾਲਣਾ ਕਰਨ ਵਾਲੇ ਹਨ।

ਹਰੀ ਪ੍ਰਭੂ ਜੀ ਹੀ (ਖਿਨ ਖਿਨ) ਮੇਰੀ ਸਾਰ-ਸੰਭਾਲ ਕਰਦਾ ਹੈ ਅਤੇ ਅਸੀਂ ਹਰੀ-ਪ੍ਰਭੂ ਦੇ (ਇਆਣੇ) ਬੱਚੇ ਹਾਂ।

(ਮਾਤਾ ਪਿਤਾ ਸਾਮਾਨ ਵਾਹਿਗੁਰੂ ਆਪਣੇ ਬੱਚਿਆਂ ਨੂੰ) ਨਿਰੋਲ ਸਹਜ ਵਿਚ (ਗਿਆਨ-ਖੇਡ) ਖਿਡਾਉਂਦਾ ਰਹਿੰਦਾ ਹੈ (ਉਹ ਆਪਣੇ ਮੈਤ੍ਰੀ-ਕਰਤੱਵ ਵਲੋਂ) ਕਦੇ ਵੀ ਆਲਸ ਨਹੀਂ ਕਰਦਾ।

(ਦਇਆਲ ਪ੍ਰਭੂ ਆਪਣੇ ਬੱਚਿਆਂ ਦਾ) ਕੋਈ ਦੋਸ਼ ਚਿਤ ਵਿਚ ਨਹੀਂ ਲਿਆਉਂਦਾ। (ਨਿਆਣੇ ਬੱਚਿਆਂ ਨੂੰ ਸਦਾ) ਗਲ ਨਾਲ ਲਾਉਣ ਵਾਲਾ ਹੈ।

ਜੋ ਜੋ ਕੁਝ ਮੈਂ ਮੂੰਹੋਂ ਮੰਗਦਾ ਹਾਂ, ਸੁਖਦਾਈ ਪ੍ਰਭੂ-ਪਿਤਾ ਓਹੋ ਓਹੋ ਕੁਝ (ਕਿਰਪਾ ਕਰ ਕੇ) ਦੇਂਦਾ ਹੈ।

ਉਸ (ਪ੍ਰਭੂ-ਪਿਤਾ) ਨੇ ਗਿਆਨ-ਪੂੰਜੀ ਅਤੇ ਨਾਮ-ਧਨ ਮੈਨੂੰ ਬਖਸ਼ਿਆ ਹੋਇਆ ਹੈ, (ਸ਼ਾਹ ਪ੍ਰਭੂ ਨੇ ਮੈਨੂੰ) ਇਸ ਦੈਵੀ-ਵਣਜ ਦੇ ਜੋਗ ਬਣਾਇਆ ਹੈ।

ਪ੍ਰਭੂ-ਪਿਤਾ ਨੇ ਆਪਣੇ ਸੇਵਕ ਨੂੰ (ਨਾਮ-ਵਣਜ ਕਰਨ ਲਈ) ਗੁਰੂ-ਸ਼ਾਹ ਨਾਲ ਭਾਈਵਾਲ ਬਣਾ ਦਿੱਤਾ ਹੈ ਤੇ ਇਸ ਤਰ੍ਹਾਂ ਸਾਰੇ ਸੁਖ ਮੇਰੇ ਟਹਿਲੀਏ ਬਣਾ ਦਿਤੇ ਹਨ।

ਪ੍ਰਭੂ-ਪਿਤਾ ਸਭ ਕੁਝ ਕਰਨ ਕਰਾਉਣ ਦੇ ਸਮਰੱਥ ਹੈ, ਉਹ ਮੇਰੇ ਨਾਲੋਂ ਕਿਸੇ ਵੇਲੇ ਦੂਰ ਨਹੀਂ ਹੁੰਦਾ।੨੧।

ਸਲੋਕ ਡਖਣੇ ਮ: ੫।।

ਨਾਨਕ ਕਚੜਿਆ ਸਿਉ ਤੋੜਿ, ਢੂਢਿ ਸਜਣ ਸੰਤ ਪਕਿਆ।।
ਓਇ ਜੀਵੰਦੇ ਵਿਛੁੜਹਿ, ਓਇ ਮੁਇਆ ਨ ਜਾਹੀ ਛੋੜਿ।।੧।।

ਮ: ੫।। ਨਾਨਕ ਬਿਜੁਲੀਆ ਚਮਕੰਨਿ, ਘੁਰਨਿ ਘਟਾ ਅਤਿ ਕਾਲੀਆ।।
ਬਰਸਨਿ ਮੇਘ ਅਪਾਰ, ਨਾਨਕ ਸੰਗਮਿ ਪਿਰੀ ਸੁਹੰਦੀਆ।।੨।।

ਮ: ੫।। ਜਲ ਥਲ ਨੀਰਿ ਭਰੇ, ਸੀਤਲ ਪਵਣ ਝੁਲਾਰਦੇ ।।
ਸੇਜੜੀਆ ਸੋਇੰਨ, ਹੀਰੇ ਲਾਲ ਜੜੰਦੀਆ।।
ਸੁਭਰ ਕਪੜ ਭੋਗ, ਨਾਨਕ ਪਿਰੀ ਵਿਹੂਣੀ ਤਤੀਆ।।੩।।

ਉਚਾਰਣ : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :

ਕਚੜਿਆ-ਕਚਿਆ (ਕਚੀ ਪ੍ਰੀਤ ਵਾਲੇ) ਮਨੁੱਖਾਂ। ਸਿਉ-ਨਾਲੋਂ। ਵਿਛੁੜਹਿ-ਵਿਛੜ ਜਾਂਦੇ ਹਨ (ਕਚੇ)। ਮੁਇਆ-ਮਰ ਜਾਣ ਤੇ ਵੀ। (ਨ) ਜਾਹੀ (ਛੋੜਿ)-ਨਹੀਂ ਛਡ ਜਾਂਦੇ। ਬਿਜੁਲੀਆ-ਬੱਦਲਾਂ ਦੇ ਟਕਰਾਅ ਤੋਂ ਹੋਈਆਂ ਲਿਸ਼ਕਾਂ। ਘਟਾ-ਬੱਦਲਾਂ ਦਾ ਸਮੁਦਾਇ, ਮੇਘਮਾਲਾ। ਕਾਲੀਆ-ਕਾਲੇ ਰੰਗ ਦੀਆਂ। ਸੁਹੰਦੀਆ-ਸ਼ੋਭਦੀਆਂ ਹਨ। ਸੇਜੜੀਆ-ਸੁਹਣੀਆਂ ਸੇਜਾਂ। ਜੜੰਦੀਆ-ਜੜੀਆ ਹੋਈਆਂ। ਤਤੀਆ-(ਵਿਛੋੜੇ ਦੀ ਅਗ ਕਾਰਨ) ਤਪਾਇਮਾਨ। ਢੂਢਿ-'ਢੂ' ਉਚਾਰਣ ਨਾਸਕੀ।
ਪਕਿਆ-(ਜੋ ਪੱਕੇ ਪ੍ਰੀਤ ਵਾਲੇ ਹਨ) 'ਆ' ਉਚਾਰਣ ਨਾਸਕਤਾ ਬਿਨਾਂ।

ਪਦ ਅਰਥ : ਓਇ-(ਪੜਨਾਂਵ 'ਉਹ' ਦਾ ਬਹੁ-ਵਚਨ) ਉਹ। ਜੀਵੰਦੇ-ਜੀਊਂਦੇ ਹੋਏ।੧।

ਚਮਕੰਨਿ-ਚਮਕਦੀਆਂ ਹਨ, ਲਿਸ਼ਕਾਂ ਮਾਰਦੀਆਂ ਹਨ। ਘੁਰਨਿ-ਘੁਰ ਘੁਰ ਕਰਦੀਆਂ ਹਨ, ਗਜਦੀਆਂ ਹਨ। ਮੇਘ-ਬੱਦਲ। ਅਪਾਰ-ਪਾਰ ਰਹਿਤ, ਬੇਅੰਤ। ਸੰਗਮਿ-ਸੰਗ ਸਾਥ ਅਥਵਾ ਮੇਲ ਵਿਚ।੨।

ਨੀਰਿ-ਪਾਣੀ ਨਾਲ। ਸੀਤਲ ਪਵਣੁ ਝੁਲਾਰਦੇ-ਹਵਾ ਦੇ ਠੰਢੇ ਝੋਲੇ ਝੁਲਦੇ ਹੋਣ, ਵਗਦੇ ਹੋਣ। ਸੋਇੰਨ-ਸੋਨੇ (ਦੇ ਮੰਦਰਾਂ ਵਿੱਚ)। ਸੁਭਰ ਕਪੜ-ਸਗਨਾਂ ਦੇ ਸਾਲੂ।੩।

ਅਰਥ : 'ਨਾਨਕ' (ਮੁਹਰ ਛਾਪ ਲਾ ਕੇ ਉਪਦੇਸ਼ ਕਰਦੇ ਹਨ) ਹੇ ਜੀਵ ! (ਮਨੁੱਖਾ ਜੀਵਨ ਦੀ ਸਫਲਤਾ ਲਈ) ਕਚਿਆ (ਕਚੀ ਤੇ ਝੂਠੀ ਪ੍ਰੀਤ ਲਾਉਣ ਵਾਲਿਆਂ) ਨਾਲੋਂ ਮੋਹ ਤੋੜ ਲੈ ਅਤੇ ਸੰਤ-ਸਜਣਾਂ ਨੂੰ ਢੂੰਢ, ਜੋ ਪਕੇ (ਪੀਡੀ ਅਤੇ ਸਚੀ ਪ੍ਰੀਤ ਲਾਉਣ ਵਾਲੇ) ਹਨ।

ਉਹ (ਕੱਚੇ) ਜੀਊਂਦਿਆਂ ਹੀ ਸਾਥ ਛੱਡ ਜਾਂਦੇ ਹਨ, ਜਦ ਕਿ ਉਹ (ਪੱਕੇ) ਮਰਨ ਉਪਰੰਤ ਵੀ ਸਾਥ ਨਹੀਂ ਛਡਦੇ (ਭਾਵ, ਉਹ ਪਰਲੋਕ ਤੱਕ ਸਾਥ ਨਿਬਾਹੁੰਦੇ ਹਨ)।੧।

ਨਾਨਕ ! (ਸਾਵਣ ਵਿੱਚ) ਬਿਜਲੀਆਂ (ਬੱਦਲ ਟਕਰਾਉਣ ਕਾਰਨ ਹੋਈਆਂ ਲਿਸ਼ਕਾਂ) ਚਮਕਦੀਆਂ ਹਨ, (ਬੱਦਲਾਂ ਦੀਆਂ) ਕਾਲੀਆਂ ਘਟਾਂ ਘੁਰ ਘੁਰ ਕਰਦੀਆਂ ਹਨ, (ਭਾਵ, ਬੱਦਲ ਗੱਜਦੇ ਹਨ)।

ਛਹਿਬਰ ਲਾ ਕੇ ਬੱਦਲ ਵਸਦੇ ਹਨ। ਨਾਨਕ ! (ਅਜਿਹੇ ਸੁਹਾਵਣੇ ਸਮੇਂ) ਜਿਹੜੀਆਂ ਇਸਤ੍ਰੀਆਂ ਪ੍ਰਭੂ-ਪਤੀ ਦੇ ਸੰਗ-ਸਾਥ ਅਥਵਾ ਮੇਲ ਵਿਚ ਵਸਦੀਆਂ ਹਨ, ਉਹੀ ਸ਼ੋਭਾ ਪਾਉਂਦੀਆਂ ਹਨ।੨।

ਸਾਰੇ ਜਲ-ਸਥਾਨ ਅਤੇ ਥਲ-ਸਥਾਨ ਪਾਣੀ ਨਾਲ ਭਰੇ ਹੋਣ, ਹਵਾ ਦੇ ਠੰਢੇ ਝੋਲੇ ਝੁਲਦੇ ਹੋਣ, (ਅਜਿਹੇ ਸੁਹਾਵਣੇ ਵਾਤਾਵਰਨ ਵਿੱਚ) ਸੋਨੇ ਦੇ ਮੰਦਰਾਂ ਵਿੱਚ


www.AKJ.Org

ਹੀਰਿਆਂ ਲਾਲਾਂ ਨਾਲ ਜੜਤ ਸੇਜਾਂ ਹੋਣ, ਸ਼ਿੰਗਾਰ ਲਈ ਸ਼ਗਨਾਂ ਦੇ ਸਾਲੂ ਹੋਣ, ਸੁੰਦਰ ਬਸਤਰ ਅਤੇ ਭੋਗ-ਬਿਲਾਸ ਦੇ ਸਾਰੇ ਅਡੰਬਰ ਬਣੇ ਹੋਣ। ਨਾਨਕ ! (ਭੋਗ ਬਿਲਾਸ ਦੇ ਸਾਰੇ ਅਡੰਬਰ ਹੁੰਦਿਆਂ ਸੁੰਦਿਆਂ) ਪਤੀ-ਮਿਲਾਪ ਤੋਂ ਵੰਚਤ (ਸਖਣੀਆਂ) ਕਾਮਣੀਆਂ ਲੁਛਦੀਆਂ (ਵਿਛੋੜੇ ਦੀ ਅੱਗ ਕਾਰਨ ਤਪਾਇਮਾਨ) ਰਹਿੰਦੀਆਂ ਹਨ।੩।

ਪਉੜੀ।।

ਕਾਰਣੁ ਕਰਤੈ ਜੋ ਕੀਆ, ਸੋਈ ਹੈ ਕਰਣਾ।।
ਜੇ ਸਉ ਧਾਵਹਿ ਪ੍ਰਾਣੀਆ, ਪਾਵਹਿ ਧੁਰਿ ਲਹਣਾ।।
ਬਿਨੁ ਕਰਮਾ ਕਿਛੂ ਨ ਲਭਈ, ਜੇ ਫਿਰਹਿ ਸਭ ਧਰਣਾ।।
ਗੁਰ ਮਿਲਿ ਭਉ ਗੋਵਿੰਦ ਕਾ, ਭੈ ਡਰੁ ਦੂਰਿ ਕਰਣਾ।।
ਭੈ ਤੇ ਬੈਰਾਗੁ ਊਪਜੈ, ਹਰਿ ਖੋਜਤ ਫਿਰਣਾ।।
ਖੋਜਤ ਖੋਜਤ ਸਹਜੁ ਉਪਜਿਆ, ਫਿਰਿ ਜਨਮਿ ਨ ਮਰਣਾ।।
ਹਿਆਇ ਕਮਾਇ ਧਿਆਇਆ, ਪਾਇਆ ਸਾਧ ਸਰਣਾ।।
ਬੋਹਿਥੁ ਨਾਨਕ ਦੇਉ ਗੁਰੁ,
ਜਿਸੁ ਹਰਿ ਚੜਾਏ ਤਿਸੁ ਭਉਜਲੁ ਤਰਣਾ।।੨੨।।

ਉਚਾਰਣ : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿੱਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :
ਧਾਵਹਿ-ਤੂੰ ਪਿਆ ਦੌੜ-ਭੱਜ ਕਰੇਂ। ਪਾਵਹਿ-ਤੂੰ ਪ੍ਰਾਪਤ ਕਰੇਂਗਾ।
ਕਰਮਾ-ਭਾਗਾਂ। ਫਿਰਹਿ-ਤੂੰ ਪਿਆ ਫਿਰੇਂ।
ਚੜਾਇ-'ੜ' ਦਾ ਉਚਾਰਣ ਭਾਰਾ।
ਸਹਜੁ-'ਹ' ਦਾ ਉਚਾਰਣ 'ਹਿ' ਵਾਂਗ ਨਹੀਂ।

ਪਦ ਅਰਥ : ਕਾਰਣੁ-ਸਬੱਬ। ਕਰਤੈ-ਕਰਤਾਰ ਨੇ। ਸੋਈ ਹੈ ਕਰਣਾ-ਉਹੀ ਕੁਝ ਕਰਨਾ ਪੈਂਦਾ ਹੈ। ਸਉ-ਸੈਂਕੜੇ ਪਾਸੇ। ਧੁਰਿ ਲਹਣਾ-ਧੁਰ ਤੋਂ ਜੋ ਲੈਣਾ (ਲਿਖਿਆ ਹੋਇਆ) ਹੈ। ਸਭ ਧਰਣਾ-ਸਾਰੀ ਧਰਤੀ। ਭਉ-ਡਰ (ਇਕ-ਵਚਨ)। ਭੈ-ਰੱਬੀ ਭਉ ਦੇ ਤੁਫ਼ੈਲ। ਡਰੁ-ਦੁਨਿਆਵੀ ਡਰ (ਸਹਮ)। ਬੈਰਾਗੁ-ਮਾਇਕੀ ਮੋਹ ਤੋਂ ਉਪਰਾਮਤਾ। ਉਪਜੈ-ਉਪਜਦਾ ਹੈ, ਪੈਦਾ ਹੁੰਦਾ ਹੈ। ਸਹਜੁ-ਗਿਆਨ (ਆਤਮਿਕ-ਅਡੋਲਤਾ)। ਹਿਆਇ-ਹਿਰਦੇ ਵਿਚ। ਕਮਾਇ-ਕਮਾਈ (ਸਾਧਨਾ) ਕਰ ਕੇ। ਸਾਧ-ਸਾਧੂ-ਸਤਿਗੁਰੂ। ਬੋਹਿਥੁ-ਜਹਾਜ਼। ਦੇਉ ਗੁਰੁ-ਪ੍ਰਕਾਸ਼ ਰੂਪੀ ਗੁਰੂ। ਭਉਜਲੁ-ਸੰਸਾਰ-ਸਮੁੰਦਰ।

ਅਰਥ : ਕਰਤਾ ਪੁਰਖ ਨੇ ਜੋ (ਕੁਝ ਕੀਤੇ ਜਾਣ ਦਾ) ਸਬੱਬ ਬਣਾ ਰਖਿਆ ਹੈ, (ਜੀਵਾਂ ਨੂੰ) ਓਹੋ ਕੁਝ ਕਰਨਾ ਪੈਂਦਾ ਹੈ।

ਹੇ ਪ੍ਰਾਣੀ ! ਭਾਵੇਂ ਤੂੰ ਸੈਂਕੜੇ ਪਾਸੇ ਦੌੜ-ਭਜ ਕਰ ਲਵੇਂ, ਅੰਤ ਨੂੰ ਓਹੋ ਕੁਝ ਪ੍ਰਾਪਤ ਕਰ ਸਕੇਂਗਾ, ਜੋ ਧੁਰ ਤੋਂ ਲੈਣਾ (ਲਿਖਿਆ ਹੋਇਆ) ਹੈ।

ਭਾਵੇਂ ਸਾਰੀ ਧਰਤੀ ਕੱਛਦਾ ਫਿਰੇਂ, ਭਾਗਾਂ ਤੋਂ ਬਗੈਰ ਕੁਝ ਨਹੀਂ ਲੱਭ ਸਕਦਾ।

ਗੁਰੂ ਨੂੰ ਮਿਲ ਕੇ ਗੋਬਿੰਦ-ਪ੍ਰਭੂ ਦਾ ਡਰ ਉਪਜਦਾ ਹੈ। ਇਸ ਪ੍ਰਭੂ-ਡਰ ਦੇ ਤੁਫ਼ੈਲ (ਹਰ ਪ੍ਰਕਾਰ ਦਾ) ਦੁਨਿਆਵੀ ਡਰ (ਸਹਮ) ਦੂਰ ਕੀਤਾ ਜਾ ਸਕਦਾ ਹੈ।

ਪ੍ਰਭੂ-ਡਰ ਤੋਂ ਮਨ ਵਿਚ ਵੈਰਾਗ (ਮਾਇਕੀ ਮੋਹ ਤੋਂ ਉਪਰਾਮਤਾ) ਉਪਜਦਾ ਹੈ। (ਬੈਰਾਗੀ ਦੇ ਮਨ ਵਿੱਚ) ਪ੍ਰਭੂ ਨੂੰ ਭਾਲਦੇ ਫਿਰਨਾ ਹੀ ਸੁਖਾਉਂਦਾ ਹੈ।

(ਜਿਸ ਵਡਭਾਗੀ ਮਨੁਖ ਅੰਦਰ) ਪ੍ਰਭੂ ਨੂੰ ਭਾਲਦਿਆਂ ਗਿਆਨ ਪੈਦਾ ਹੋ ਗਿਆ, ਫਿਰ ਉਹ ਜਨਮ ਮਰਨ ਵਿੱਚ ਨਹੀਂ ਆਉਂਦਾ।

(ਜਿਸ ਜੀਵ ਨੂੰ ਵਾਹਿਗੁਰੂ ਨੇ ਕਿਰਪਾ ਕਰ ਕੇ) ਸਾਧੂ-ਸਤਿਗੁਰੂ ਦੀ ਸ਼ਰਨੀ ਪਾ ਦਿਤਾ, ਉਸੇ ਜੀਵ ਵਲੋਂ ਹੀ (ਗੁਰੂ-ਹੁਕਮ ਦੀ) ਕਮਾਈ ਕਰ ਕੇ ਹਿਰਦੇ ਵਿਚ (ਪ੍ਰਭੂ-ਨਾਮ) ਧਿਆਇਆ ਜਾ ਸਕਦਾ ਹੈ।

ਨਾਨਕ ! ਭਵ-ਸਾਗਰ ਦਾ ਜਹਾਜ਼ ਪ੍ਰਕਾਸ਼-ਰੂਪ ਗੁਰੂ ਹੀ ਹੈ। ਹਰੀ-ਪ੍ਰਭੂ ਜਿਸ ਨੂੰ (ਕਿਰਪਾ ਕਰ ਕੇ ਇਸ ਜਹਾਜ਼ ਤੇ) ਚੜ੍ਹਾਏ, ਉਸ ਦਾ ਭਵ-ਸਾਗਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ।੨।

ਸਲੋਕ ਮ: ੫।।

ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ।।
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ।।੧।।
ਮ: ੫।। ਮੁਆ ਜੀਵੰਦਾ ਪੇਖਿ, ਜੀਵੰਦੇ ਮਰਿ ਜਾਨਿ।।
ਜਿਨ੍ਹਾ ਮੁਹਬਤਿ ਇਕ ਸਿਉ, ਤੇ ਮਾਣਸ ਪਰਧਾਨ।।੨।।
ਮ: ੫।। ਜਿਸੁ ਮਨਿ ਵਸੈ ਪਾਰਬ੍ਰਹਮੁ, ਨਿਕਟਿ ਨ ਆਵੈ ਪੀਰ।।
ਭੁਖ ਤਿਖ ਤਿਸੁ ਨ ਵਿਆਪਈ, ਜਮੁ ਨਹੀ ਆਵੈ ਨੀਰ।।੩।।

ਉਚਾਰਣ : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :
ਪਹਿਲਾ-(ਕ੍ਰਿਆ ਵਿਸ਼ੇਸ਼ਣ) ਪਹਿਲਾਂ (First of all)।
ਸਭਨਾ-ਸਾਰਿਆਂ।
ਜਿਨ੍ਹਾ-ਜਿਹੜੇ ਮਨੁੱਖਾਂ ਦੀ। ਸਿਉ-ਨਾਲ।
ਮੁਹਬਤਿ-ਉਚਾਰਣ 'ਬ' ਦੀ ਧੁਨੀ ਦੁੱਤ ਕਰ ਕੇ।

ਪਦ ਅਰਥ : ਮਰਣੁ-ਮਰਨਾ (ਮੌਤ)। ਕਬੂਲਿ-ਪਰਵਾਨ ਕਰ



www.AKJ.Org

ਲੈ। ਹੋਹੁ-ਹੋ ਜਾ। ਸਭਨਾ ਕੀ ਰੇਣੁਕਾ-ਸਾਰਿਆਂ ਦੀ ਚਰਨ-ਧੂੜੀ। ਤਉ-ਤਾਂ ਫਿਰ ।੧।

ਮੁਆ-ਮਰਿਆ ਹੋਇਆ (ਮਾਇਕੀ ਵਾਸ਼ਨਾਵਾਂ ਵਲੋਂ)। ਜੀਵੰਦਾ-ਜੀਊਂਦਾ ਹੋਇਆ। ਪੇਖਿ-ਵੇਖ, ਸਮਝ। ਜੀਵੰਦੇ-ਹਵਸ ਅਧੀਨ ਜੀਊਣ ਵਾਲੇ ਨੂੰ। ਮਰਿ ਜਾਨਿ-ਮਰਿਆ ਹੋਇਆ ਸਮਝ। ਮੁਹਬਤਿ-ਪ੍ਰੀਤੀ। ਮਾਣਸ-ਮਨੁੱਖ। ਪਰਧਾਨ-ਸਰਬ-ਸ੍ਰੇਸ਼ਟ ।੨।

ਮਨਿ-ਮਨ ਵਿਚ। ਨਿਕਟਿ-ਨੇੜੇ। ਪੀਰ-ਪੀੜ। ਤਿਖ-ਤ੍ਰਿਹ, ਪਿਆਸ, ਤ੍ਰਿਸ਼ਨਾ। ਨ ਵਿਆਪਈ-ਨਹੀਂ ਪੁੰਹਦੀ। ਨੀਰ-ਨੇੜੇ ।੩।

ਅਰਥ : (ਹੇ ਪ੍ਰੇਮ-ਖੇਡ ਖੇਡਣ ਦੇ ਚਾਹਵਾਨ ! ਪ੍ਰੇਮ-ਖੇਤਰ ਵਲ ਵੱਧਣ ਤੋਂ) ਪਹਿਲਾਂ ਮੌਤ ਨੂੰ ਪਰਵਾਨ ਕਰ ਲੈ, ਜੀਊਣ ਦੀ ਆਸ ਲਾਹ ਛਡ। ਸਭਨਾਂ ਜੀਵਾਂ ਦੀ ਚਰਨ-ਧੂੜ ਹੋ ਜਾ, ਤਾਂ ਸਾਡੇ (ਪ੍ਰੇਮ-ਅਖਾੜੇ) ਵਲ ਕਦਮ ਪੁਟ (ਭਾਵ, ਆਪਾ-ਭਾਵ ਤਿਆਗਣ ਤੋਂ ਮਗਰੋਂ ਹੀ ਅਧਿਆਤਮਿਕ ਜੀਵਨ ਆਰੰਭ ਹੁੰਦਾ ਹੈ)।

(ਮਾਇਕੀ ਵਾਸ਼ਨਾਵਾਂ ਵਲੋਂ) ਜੋ ਮੋਇਆ ਹੋਇਆ ਹੈ (ਭਾਵ, ਜਿਸ ਉੱਤੇ ਮਾਇਕੀ ਵਾਸ਼ਨਾਵਾਂ ਦਾ ਗਲਬਾ ਨਹੀਂ) ਉਸ ਨੂੰ ਜੀਊਂਦਾ ਸਮਝ। (ਹਵਸ ਅਧੀਨ) ਜੀਉਣ ਵਾਲੇ ਨੂੰ (ਆਤਮਿਕ ਤੌਰ ਤੇ) ਮਰਿਆ ਜਾਣ। ਜਿਨ੍ਹਾਂ ਮਨੁੱਖਾਂ ਦੀ ਪ੍ਰੀਤੀ ਇਕ ਵਾਹਿਗੁਰੂ ਨਾਲ ਲੱਗੀ ਹੈ, (ਆਤਮਿਕ-ਮੰਡਲ ਵਿਚ) ਓਹੀ ਸ਼੍ਰੋਮਣੀ ਤੇ ਸ੍ਰੇਸ਼ਟ ਮਨੁੱਖ ਹਨ ।੨।

ਜਿਸ ਮਨੁੱਖ ਦੇ ਮਨ ਵਿਚ ਪਾਰਬ੍ਰਹਮ ਪਰਮੇਸ਼ਰ ਵਸਦਾ ਹੈ, (ਕਿਸੇ ਕਿਸਮ ਦੀ) ਬਿਪਤਾ ਅਥਵਾ ਪੀੜਾ ਉਸ ਦੇ ਨੇੜੇ ਨਹੀਂ ਫਟਕਦੀ।

ਉਸ ਨੂੰ (ਮਾਇਕੀ ਪਦਾਰਥਾਂ ਦੀ) ਭੁੱਖ ਪਿਆਸ (ਤ੍ਰਿਸ਼ਨਾ) ਪੁਹ ਨਹੀਂ ਸਕਦੀ, ਜਮ ਉਸ ਦੇ ਨੇੜੇ ਨਹੀਂ ਢੁਕ ਸਕਦਾ ।੩।

ਪਉੜੀ ।।

ਕੀਮਤਿ ਕਹਣੁ ਨ ਜਾਈਐ, ਸਚੁ ਸਾਹ ਅਡੋਲੈ ।।
ਸਿਧ ਸਾਧਿਕ ਗਿਆਨੀ ਧਿਆਨੀਆ, ਕਉਣੁ ਤੁਧੁ ਨੋ ਤੋਲੈ ।।
ਭੰਨਣ ਘੜਣ ਸਮਰਥੁ ਹੈ, ਓਪਤਿ ਸਭ ਪਰਲੈ ।।
ਕਰਣ ਕਾਰਣ ਸਮਰਥੁ ਹੈ, ਘਟਿ ਘਟਿ ਸਭ ਬੋਲੈ ।।
ਰਿਜਕੁ ਸਮਾਹੇ ਸਭਸੈ, ਕਿਆ ਮਾਣਸੁ ਡੋਲੈ ।।
ਗਹਿਰ ਗਭੀਰੁ ਅਥਾਹੁ ਤੂੰ, ਗੁਣ ਗਿਆਨ ਅਮੋਲੈ ।।
ਸੋਈ ਕੰਮੁ ਕਮਾਵਣਾ, ਕੀਆ ਧੁਰਿ ਮਉਲੈ ।।
ਤੁਧਹੁ ਬਾਹਰਿ ਕਿਛੁ ਨਹੀ ਨਾਨਕੁ ਗੁਣ ਬੋਲੈ ।।੨੩।।੧।।੨।।

ਉਚਾਰਣ : ਸਾਹ-'ਸ' ਉਚਾਰਣ ਵਿਸ਼ੇਸ਼ ਧੁਨੀ।
ਧਿਆਨੀਆ-'ਅ' ਉਚਾਰਣ ਨਾਸਕਤਾ ਬਿਨਾਂ।
ਤੁਧਹੁ-(ਤੇਰੇ ਤੋਂ) ਅੰਤਲੇ ਸ੍ਵਰ ਦਾ ਉਚਾਰਣ ਨਾਸਕੀ।
ਗਭੀਰੁ-'ਗ' ਉਚਾਰਣ ਨਾਸਕਤਾ ਸਹਿਤ।
ਸਮਰਥੁ-'ਥ' ਦੀ ਧੁਨੀ ਦਾ ਉਚਾਰਣ ਦੁੱਤ ਕਰ ਕੇ।

ਪਦ ਅਰਥ : ਕੀਮਤਿ-ਮੁਲ। ਕਹਣੁ ਨ ਜਾਈਐ-ਕਥਨ ਨਹੀਂ ਕੀਤੀ ਜਾ ਸਕਦੀ। ਸਚੁ ਸਾਹ ਅਡੋਲੈ-ਸਦਾ-ਥਿਰ ਅਡੋਲ ਮਾਲਕ ਦੀ। ਸਿਧ-ਸਿੱਧੀ ਨੂੰ ਪ੍ਰਾਪਤ ਹੋਏ ਜੋਗੀ। ਸਾਧਿਕ-ਸਾਧਨਾ ਕਰਨ ਵਾਲੇ। ਸਮਰਥੁ-ਸ਼ਕਤੀ ਵਾਲਾ। ਓਪਤਿ-ਉਤਪਤੀ। ਪਰਲੈ-ਪਰਲੋ (ਸਰਵ ਨਾਸ਼)। ਕਰਣ ਕਾਰਣ-ਜਗਤ-ਰਚਨਾ ਕਰਨ ਵਾਲਾ। ਘਟਿ ਘਟਿ ਸਭ-ਹਰੇਕ ਜੀਵ ਵਿਚ। ਰਿਜਕੁ-ਰੋਜ਼ੀ। ਸਮਾਹੇ-ਅਪੜਾਉਂਦਾ ਹੈ। ਸਭਸੈ-ਹਰ ਕਿਸੇ ਨੂੰ। ਗਹਿਰ ਗਭੀਰੁ-ਡੂੰਘਾ। ਅਮੋਲੈ-ਜਿਸ ਦਾ ਮੁਲ ਨਾ ਪੈ ਸਕੇ। ਧੁਰਿ-ਧੁਰ ਤੋਂ। ਮਉਲੈ-ਮਉਲਾ (ਕਰਣਹਾਰ) ਨੇ।

ਅਰਥ : ਸਦਾ-ਥਿਰ ਅਤੇ ਅਡੋਲ ਸ਼ਾਹ-ਪ੍ਰਭੂ ਦੀ ਕੀਮਤ ਨਹੀਂ ਆਖੀ ਜਾ ਸਕਦੀ।

(ਹੇ ਗੌਰਵ-ਸ਼ੀਲ ਪ੍ਰਭੂ !) ਜੋਗ ਸਾਧਨਾ ਕਰਨ ਵਾਲੇ, ਸਿਧੀ ਨੂੰ ਪ੍ਰਾਪਤ ਜੋਗੀ, ਗਿਆਨ-ਚਰਚਾ ਕਰਨ ਵਾਲੇ ਅਤੇ ਧਿਆਨ ਲਾਉਣ ਵਾਲੇ (ਕਈ ਹਨ, ਪਰ ਇਨ੍ਹਾਂ ਵਿਚੋਂ) ਤੈਨੂੰ ਕੌਣ ਤੋਲ ਸਕਦਾ ਹੈ, ਭਾਵ, ਤੇਰਾ ਅੰਤ ਕੌਣ ਪਾ ਸਕਦਾ ਹੈ ?

(ਵਾਹਿਗੁਰੂ) ਸਭ ਨੂੰ ਸਾਜਣ ਅਤੇ ਨਾਸ ਕਰਨ ਦੇ ਸਮਰੱਥ ਹੈ। ਸਾਰੀ ਉਤਪਤੀ ਅਤੇ ਪਰਲੋ (ਉਸ ਦੀ ਸਮਰੱਥਾ ਵਿਚ ਹੀ ਹੈ)।

ਪ੍ਰਭੂ ਸੰਸਾਰ ਨੂੰ ਪੈਦਾ ਕਰਨ ਦੇ ਸਮਰੱਥ ਹੈ, ਹਰੇਕ ਜੀਵ ਦੇ ਅੰਦਰ ਓਹੀ ਬੋਲ ਰਿਹਾ ਹੈ।

ਸਭ ਕਿਸੇ ਨੂੰ ਰੋਜ਼ੀ ਅਪੜਾਉਂਦਾ ਹੈ, ਫਿਰ ਮਨੁੱਖ ਕਾਂਹਦੇ ਲਈ ਡੋਲੇ ?

ਹੇ ਪ੍ਰਭੂ ! ਤੂੰ ਬਹੁਤ ਡੂੰਘਾ ਹੈਂ, ਗੰਭੀਰ ਹੈਂ, ਅਥਾਹ ਹੈਂ, (ਤੇਰੀ ਥਾਹ ਨਹੀਂ ਪਾਈ ਜਾ ਸਕਦੀ) ਤੇਰੇ ਗਿਆਨ-ਸੰਪੰਨ ਗੁਣ ਅਮੋਲ ਹਨ।

ਜਿਵੇਂ ਰਚਨਹਾਰ ਪ੍ਰਭੂ ਨੇ ਧੁਰ-ਦਰਗਾਹੋਂ ਲਿਖ ਪਾਇਆ ਹੁੰਦਾ ਹੈ, ਉਹ ਉਹ ਕੰਮ ਹੀ ਹਰੇਕ ਜੀਵ ਨੂੰ ਕਰਨਾ ਪੈਂਦਾ ਹੈ।

ਹੇ ਪ੍ਰਭੂ ! ਤੈਥੋਂ ਬਾਹਰਾ (ਤੇਰੀ ਵਿਆਪਕਤਾ ਦੀ ਹੱਦ ਤੋਂ ਪਰੇ) ਕੁਝ ਵੀ ਨਹੀਂ, ਸੋ ਨਾਨਕ ਤੇਰੇ ਹੀ ਗੁਣ ਉਚਾਰਦਾ ਹੈ ।੨੩।੧।੨। (ਸਮਾਪਤ)


www.AKJ.Org

# ਪ੍ਰੇਮ ਖੇਲਣ ਕਾ ਚਾਉ

(ਪ੍ਰੋ: ਪ੍ਰਭਜੋਤ ਕੌਰ, ਚੰਡੀਗੜ੍ਹ)

ਸਦੀਆਂ ਤੋਂ ਲਤਾੜੀ ਜਾ ਰਹੀ ਮਨੁਖਤਾ ਦੀ ਪੁਕਾਰ ਸੁਣ ਅਕਾਲ ਪੁਰਖ ਵਾਹਿਗੁਰੂ ਜੀ ਦਇਆ ਦੇ ਰੂਪ ਵਿਚ ਆਏ।

'ਸੁਣੀ ਪੁਕਾਰਿ ਦਾਤਾਰ ਪ੍ਰਭੁ,
ਗੁਰੁ ਨਾਨਕ ਜਗ ਮਾਹਿ ਪਠਾਇਆ'
(ਭਾਈ ਗੁਰਦਾਸ ਜੀ, ਵਾਰ ੧/੨੩)

ਜਿਸ ਪੁਕਾਰ ਨੂੰ ਸੁਣ ਦਾਤਾਰ ਪ੍ਰਭੂ ਜੀ ਨੇ ਗੁਰੂ ਜੀ ਨੂੰ ਜਗ ਮਾਹਿ ਪਠਾਇਆ ਸੀ, ਉਸੇ ਦਰਦ ਭਰੀ ਵਿਲਕਣੀ ਨੂੰ ਜਦੋਂ ਗੁਰੂ ਬਾਬੇ ਧਿਆਨ ਨਾਲ ਸੁਣਿਆ ਤਾਂ-

ਬਾਬਾ ਦੇਖੈ ਧਿਆਨ ਧਰਿ,
ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰਿ ਹੈ,
ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ,
ਉਦਾਸੀ ਕੀ ਰੀਤਿ ਚਲਾਈ।
ਚੜਿਆ ਸੋਧਣਿ ਧਰਤਿ ਲੁਕਾਈ।।੨੪।।
(ਭਾਈ ਗੁਰਦਾਸ ਜੀ, ਵਾਰ ੧/੨੪)

ਧਿਆਨ ਲਗਾ ਕੇ ਦੇਖਿਆ ਤਾਂ ਬਾਬੇ ਦੀ ਨਜ਼ਰੀਂ ਪਿਆ ਅਜਿਹਾ ਧਰਮੀ ਮਨੁੱਖ ਜੋ ਧਰਮ ਗੁਆ ਬੈਠਾ ਸੀ। ਅਜਿਹਾ ਜਤੀ ਜੋ ਜੁਗਤ ਨਹੀਂ ਜਾਣਦਾ ਸੀ :-

ਧਰਮੀ ਧਰਮੁ ਕਰਹਿ ਗਾਵਾਵਹਿ
ਮੰਗਹਿ ਮੋਖ ਦੁਆਰੁ।
ਜਤੀ ਸਦਾਵਹਿ ਜੁਗਤਿ ਨ ਜਾਣਹਿ
ਛਡਿ ਬਹਹਿ ਘਰ ਬਾਰੁ। (ਪੰਨਾ ੪੬੯)

ਬਾਬੇ ਨੇ ਡਿਠੇ ਖੱਤਰੀ ਜੋ ਧਰਮ ਛੱਡ ਬੈਠੇ ਸਨ।

ਖਤ੍ਰੀਆ ਤ ਧਰਮੁ ਛੋਡਿਆ
ਮਲੇਛ ਭਾਖਿਆ ਗਹੀ।। (ਪੰਨਾ ੬੬੩)

ਬਾਬੇ ਨੂੰ ਦਿਸ ਆਏ ਰਾਜੇ ਤੇ ਮੁੱਕਦਮ ਜੋ ਲਬ ਤੇ ਪਾਪ ਦਾ ਰੂਪ ਧਾਰ ਬੈਠੇ ਸਨ :-

ਲਬੁ ਪਾਪੁ ਦੁਇ ਰਾਜਾ
ਮਹਤਾ ਕੂੜੁ ਹੋਆ ਸਿਕਦਾਰੁ।। (ਪੰਨਾ ੪੬੮)

ਬਾਬੇ ਨੇ ਦੇਖੇ ਪਾਤਸ਼ਾਹ ਜੋ ਸੁਰਤ ਗੁਆ ਬੈਠੇ ਸਨ :-

ਸਾਹਾਂ ਸੁਰਤਿ ਗਵਾਈਆ
ਰੰਗਿ ਤਮਾਸੈ ਚਾਇ।। (ਪੰਨਾ ੪੧੭)

ਤੇ ਫਿਰ ਬਾਬੇ ਨੂੰ ਦਿਸ ਆਈ ਲੁਕਾਈ ਜੋ ਦਿਸ਼ਾ ਹੀਨ ਹੋ ਟੱਕਰਾ ਮਾਰ ਰਹੀ ਸੀ -

ਅੰਧੀ ਰਯਤਿ ਗਿਆਨ ਵਿਹੂਣੀ
ਭਾਹਿ ਭਰੇ ਮੁਰਦਾਰੁ।। (ਪੰਨਾ ੪੬੯)

ਅਜਿਹਾ ਸਭ ਦੇਖ ਬਾਬਾ ਬਖਸ਼ਿਸ਼ ਦਾ ਰੂਪ ਧਾਰ ਚੜ੍ਹ ਪਿਆ ਧਰਤ ਲੁਕਾਈ ਸੋਧਣ ਲਈ ਅਤੇ ਬਾਬੇ ਨੇ ਸੋਧ ਦਿੱਤੇ ਜੋਗੀ ਤੇ ਬ੍ਰਾਹਮਣ, ਮੁਲਾਂ ਅਤੇ ਕਾਜ਼ੀ। ਠਗਾਂ ਨੂੰ ਸੱਜਣ ਬਣਾ ਦਿੱਤਾ। ਭੇਖ ਦੰਭ ਨੂੰ ਨੰਗਾ ਕਰਨ ਦੀ ਜੁਅਰਤ ਕਰ ਨਿਰਭੈਤ ਦਾ ਸਬਕ ਸਿਖਾ ਦਿੱਤਾ। ਅਜਿਹੀ ਨਿਰਭੈਤਾ ਜੋ ਮਲਕ ਭਾਗੋ ਵਰਗਿਆਂ ਨੂੰ ਲਲਕਾਰ ਸਕੇ। ਅਜਿਹੀ ਨਿਰਭੈਤਾ ਜੋ ਬਾਬਰ ਨੂੰ ਜਾਬਰ ਕਹਿਣ ਦੀ ਹਿੰਮਤ ਰੱਖਦੀ ਹੋਵੇ। ਅਜਿਹੀ ਨਿਰਭੈਤਾ ਜੋ ਪੱਤਿ ਵਿਹੂਣੇ ਜੀਵਨ ਨੂੰ ਹਰਾਮ ਸਮਝਦੀ ਹੋਵੇ :-

ਜੇ ਜੀਵੈ ਪਤਿ ਲਥੀ ਜਾਇ,
ਸਭੁ ਹਰਾਮੁ ਜੇਤਾ ਕਿਛੁ ਖਾਇ।।(ਪੰਨਾ ੧੪੨)

ਪੱਤਿ ਵਿਹੁਣਾ ਜੀਵਣ ਖਾਧਾ ਪੀਤਾ ਵੀ ਹਰਾਮ ਕਰ ਦਿੰਦਾ ਹੈ ਤਾਂ ਫਿਰ ਅਜਿਹਾ ਜੀਵਨ ਜੀਉਣ ਦਾ ਕੀ ਹੱਕ ? ਗੁਰੂ ਸਾਹਿਬ ਤਾਂ ਆਏ ਹੀ ਸਨ ਸੰਸਾਰ ਨੂੰ ਜੀਉਣ ਦਾ ਵਲ ਸਿਖਾਉਣ ਲਈ, ਪ੍ਰੇਮ ਵਿਚ ਸੁੱਚਾ ਜੀਵਨ, ਅਜਿਹਾ ਅੰਮ੍ਰਿਤਮਈ ਜੀਵਨ ਜੋ ਮਨੁੱਖ ਨੂੰ ਦੇਵਤਾ ਬਣਾ ਦੇਵੇ।

ਜਿਨਿ ਮਾਣਸ ਤੇ ਦੇਵਤੇ ਕੀਏ
ਕਰਤ ਨ ਲਾਗੀ ਵਾਰ।। (ਆਸਾ ਦੀ ਵਾਰ)

ਅੰਮ੍ਰਿਤਮਈ ਜੀਵਨ ਜਿਸ ਨੂੰ ਸੁਰ ਨਰ, ਮੁਨ ਜਨ ਵੀ ਲੋਚਦੇ ਹੋਣ। ਅਜਿਹਾ ਅੰਮ੍ਰਿਤਮਈ ਜੀਉਣ ਜੋ ਜੀਵਨ ਨੂੰ ਰਸ ਭਰਪੂਰ ਕਰ ਦੇਵੇ। ਤਾਂ ਫਿਰ ਜਦੋਂ ਲੁਕਾਈ ਪੱਤਿ ਵਿਹੂਣਾ ਜੀਵਨ ਜੀਉ ਰਹੀ ਹੋਵੇ ਤਾ ਅੰਮ੍ਰਿਤਮਈ ਜੀਵਨ ਦੀ ਆਸ ਕਿਥੋ ? ਅੰਮ੍ਰਿਤ-ਰਸ ਉਸ ਭਾਂਡੇ ਵਿਚ ਕਿਵੇਂ ਸਮਾ ਸਕਦਾ ਸੀ ਜੋ ਮੁਰਦਾਰ ਨਾਲ ਭਰਿਆ ਹੋਵੇ ? ਜਿੱਥੇ 'ਅਭਾਖਿਆ ਕਾ ਕੁਠਾ ਬਕਰਾ' ਹੋਵੇ ਅਤੇ ਜਿੱਥੇ *'ਕੂੜੀ ਰਾਸ'* ਅਤੇ *'ਕੂੜਾ ਵਾਪਾਰ'* ਹੋਵੇ, ਜਿੱਥੇ ਆਤਮਕ, ਧਾਰਮਕ, ਸਭਿਆਚਾਰਕ ਅਤੇ ਰਾਜਸੀ ਗੁਲਾਮੀ ਹੋਵੇ। ਸੋ ਗੁਰੂ ਬਾਬੇ ਨੇ ਸਭ ਤੋਂ ਪਹਿਲਾਂ ਫੈਸਲਾ ਲਿਆ ਉਸ ਭਾਂਡੇ ਨੂੰ ਤਿਆਰ ਕਰਨ ਦਾ ਜਿਸ ਵਿਚ ਅੰਮ੍ਰਿਤ-ਰਸ ਭਰਪੂਰ ਹੋ ਸਕੇ ਅਤੇ ਇਸ ਜੀਵਨ ਦੀ ਪ੍ਰਾਪਤੀ ਲਈ ਸਭ ਤੋਂ ਪਹਿਲਾਂ ਵੰਗਾਰ ਪਾਈ ਪੱਤਿ ਭਰਿਆ ਜੀਵਨ ਜੀਉਣ ਦੀ, ਸੱਚ ਦਾ ਜੀਵਨ ਜੀਉਣ ਦੀ। ਕਿਉਂਕਿ ਪੱਤ ਤਾਂ ਸੱਚ ਨਾਲ ਹੀ ਬਣਦੀ ਹੈ ਅਤੇ ਅਜਿਹੇ ਪੱਤ ਅਤੇ ਸੱਚ ਭਰਪੂਰ ਜੀਵਨ ਦਾ ਤਰੀਕਾ ਦੱਸਣਾ ਹੈ ਗੁਰੂ ਨੇ :-



www.AKJ.Org

ਨਾਨਕ ਗੁਰ ਬਿਨੁ ਨਾਹਿ ਪਤਿ,
ਪਤਿ ਵਿਣੁ ਪਾਰਿ ਨ ਪਾਇ।। (ਪੰਨਾ ੧੩੮)

ਜਿਸ ਗੁਰੂ ਨੇ ਅਜਿਹਾ ਜੀਵਨ ਜੀਉਣ ਦੀ ਜਾਂਚ ਦੱਸਣੀ ਹੈ ਉਸ ਦੇ ਪ੍ਰੇਮ ਭਰੇ ਦਰ ਦਾ ਰਸਤਾ ਵੀ ਤਾਂ ਬਾਬਾ ਨਾਨਕ ਨੇ ਆਪ ਹੀ ਦੱਸਿਆ :-

ਜਉ ਤਉ ਪ੍ਰੇਮ ਖੇਲਣ ਦਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।
(ਪੰਨਾ ੧੪੧੨)

ਆਪ ਦੀ ਇਸ ਲਲਕਾਰ ਨੇ ਸੱਚ ਭਰਪੂਰ ਆਤਮਕ ਜੀਵਨ ਜੀਉਣ ਦੀ ਲਾਲਸਾ ਭਰੀ, ਜਿਸ ਨੂੰ ਬਰਕਰਾਰ ਰੱਖਿਆ ਨੌਂ ਗੁਰੂ ਜਾਮਿਆਂ ਨੇ, ਆਪਣੇ ਆਪਣੇ ਸਮੇਂ ਦੇ ਬਾਦਸ਼ਾਹਾਂ ਸਾਹਮਣੇ ਹੱਕ ਸੱਚ ਅਤੇ ਇਨਸਾਫ ਲਈ ਡਟ ਕੇ। ਦਸਮ ਨਾਨਕ ਨੇ ਗੁਰੂ ਨਾਨਕ ਇਸ ਲਲਕਾਰ ਦੀ ਸੱਚਾਈ ਨੂੰ ਸਥੂਲ ਰੂਪ ਵਿਚ ਪ੍ਰਗਟ ਕਰ ਦਿਖਾਇਆ। ਜਦੋਂ 1699 ਦੀ ਵਿਸਾਖੀ ਵਾਲੇ ਦਿਨ ਆਪ ਨੇ ਲਲਕਾਰ ਕੇ ਕਿਹਾ ਕਿ ਜੋ ਸਿੱਖ ਪ੍ਰੇਮ ਦੀ ਖੇਡ ਖੇਡਣ ਦਾ ਚਾਹਵਾਨ ਹੈ,ਉਹ ਆਪਣਾ ਸੀਸ ਦੇਣ ਲਈ ਤਿਆਰ ਹੋਵੇ।

ਗੁਰੂ ਨਾਨਕ ਦੁਆਰਾ ਸਿਖਾਈ ਗਈ ਪ੍ਰੇਮ ਦੀ ਖੇਡ ਖੇਡਣ ਵਾਲੇ ਖਿਡਾਰੀ ਕਿਵੇਂ ਦਸਮ ਨਾਨਕ ਦੁਆਰਾ ਪਾਏ ਗਏ ਇਮਤਿਹਾਨ ਵਿਚ ਸਫਲ ਨਾ ਹੁੰਦੇ ? ਪੰਜ ਵੀਰਾਂ ਨੇ ਸੀਸ ਅਰਪਣ ਕੀਤੇ ਕਿਉਂਕਿ ਸਤਿਗੁਰੂ ਨੇ ਅਜਿਹਾ ਹੀ ਚਾਹਿਆ ਸੀ :-

ਸਤਿਗੁਰੂ ਆਗੈ ਸੀਸੁ ਭੇਟ ਦੇਉ,
ਜੇ ਸਤਿਗੁਰੂ ਸਾਚੇ ਭਾਵੈ ।। (ਪੰਨਾ ੧੧੧੪)

ਪੰਜਾ ਸਿੰਘਾਂ ਨੇ ਸੀਸ ਭੇਟ ਕਰ ਸੰਪੂਰਣ ਰੂਪ ਵਿਚ ਆਪਾ ਸਮਰਪਣ ਕਰ ਦਿੱਤਾ, ਤੇ ਉਹਨਾਂ ਨੂੰ ਮਿਲਿਆ ਕੀ ? ਸੱਚੇ ਪਾਤਸ਼ਾਹ ਦਾ ਪਿਆਰ, ਰਸਗੁੱਧਾ ਪਿਆਰ, ਤੇ ਉਹ ਬਣ ਗਏ ਪਿਆਰੇ, ਗੁਰੂ ਦੇ ਪਿਆਰੇ, ਪੰਥ ਦੇ ਪਿਆਰੇ ਜੋ ਆਪ ਅੰਮ੍ਰਿਤ ਛਕ ਅੰਮ੍ਰਿਤ-ਰਸ ਭਰਪੂਰ ਹੋ ਗਏ ਅਤੇ ਜੋ ਲੁਕਾਈ ਨੂੰ ਅੰਮ੍ਰਿਤਰਸ ਦੇਣ ਦੇ ਅਧਿਕਾਰੀ ਬਣ ਗਏ।

ਇਹ ਸੀ ਗੁਰੂ ਨਾਨਕ ਸਾਹਿਬ ਦੁਆਰਾ ਪਤਿ ਭਰਿਆ ਜੀਵਨ ਜੀਉਣ ਦੀ ਜਾਚ, ਜੀਵਨ ਮੁਕਤ ਹੋਣ ਦੀ ਜਾਚ, ਪ੍ਰੇਮ ਦੀ ਖੇਡ ਖੇਡਣ ਦੀ ਜਾਚ, ਅੰਮ੍ਰਿਤ-ਰਸ ਭਰਪੂਰ ਜੀਵਨ ਜੀਉਣ ਦੀ ਜਾਚ ਜਿਸ ਨੂੰ ਸੰਪੂਰਨਤਾ ਦੀ ਸਿਖਰ ਤੇ ਲੈ ਆਂਦਾ ਦਸਮ ਗੁਰੂ ਨੇ ਖਾਲਸਾ ਸਾਜ ਕੇ, ਉਸ ਨੂੰ ਆਪਣਾ ਰੂਪ ਦੇ ਕੇ ਅਤੇ ਮਾਣ ਦਿੱਤਾ ਇਹ ਕਹਿ ਕੇ :-

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,
ਨਹੀਂ ਮੋ ਸੇ ਗਰੀਬ ਕਰੋਰ ਪਰੇ।।
(ਗਿਆਨ ਪ੍ਰਬੰਧ ਪਾ : ੧੦)

•••••

## ਮੁਸੀਬਤ ਸਮੇਂ ਖ਼ਾਲਸਈ ਕਰਤੱਵ

ਖ਼ਾਲਸੇ ਦਾ ਜਨਮ ਮੁਸੀਬਤ ਦੇ ਸਮੇਂ ਹੋਇਆ ਸੀ, ਇਸ ਲਈ ਖ਼ਾਲਸਾ ਕਦੇ ਮੁਸੀਬਤ ਤੋਂ ਨਹੀਂ ਘਬਰਾਇਆ ਸਮੇਂ ਦਾ ਕੰਮ ਹੈ, ਆਉਂਦਾ ਹੈ ਅਤੇ ਤੁਰਿਆ ਜਾਂਦਾ ਹੈ, ਸਮਾਂ ਕਦੇ ਖੜੋਤਾ ਨਹੀਂ ਰਹਿੰਦਾ। ਇਸੇ ਤਰ੍ਹਾਂ ਮੁਸੀਬਤ ਕਦੇ ਖੜੋਤੀ ਨਹੀਂ ਰਹਿ ਸਕਦੀ, ਆਉਂਦੀ ਹੈ ਅਤੇ ਤੁਰਦੀ ਜਾਂਦੀ ਹੈ।

ਇਕ ਸਿਆਣੇ ਦਾ ਕਥਨ ਹੈ ਕਿ ਜੇਕਰ ਮੁਸੀਬਤ ਨਾਲ ਮਖੌਲ ਕਰੀਏ ਤਾਂ ਮੁਸੀਬਤ ਦਾ ਅਸਰ ਘਟ ਜਾਂਦਾ ਹੈ। ਖ਼ਾਲਸੇ ਨੇ ਮੁਸੀਬਤ ਨੂੰ ਆਪਣੇ ਸਾਹਮਣੇ ਵੇਖਿਆ ਅਤੇ ਉਸ ਨਾਲ ਰੱਜ ਕੇ ਮਖੌਲ ਕੀਤਾ, ਜਿਸ ਕਰਕੇ ਖ਼ਾਲਸੇ ਉੱਤੇ ਮੁਸੀਬਤ ਦਾ ਰਤਾ ਅਸਰ ਨਾ ਹੋਇਆ। ਮੁਸੀਬਤ ਨੇ ਖ਼ਾਲਸੇ ਦਾ ਲੰਗਰ ਮਸਤ ਕਰ ਦਿੱਤਾ। ਮੁਸੀਬਤ ਨੇ ਖ਼ਾਲਸੇ ਪਾਸੋਂ ਬਦਾਮ ਖੋਹ ਕੇ ਮੁੱਠ ਮੁੱਠ ਛੋਲੇ ਹਵਾਲੇ ਕੀਤੇ, ਖ਼ਾਲਸੇ ਨੇ ਉਸੇ ਨੂੰ ਬਦਾਮ ਬਣਾ ਲਿਆ। ਸਮੇਂ ਨੇ ਖ਼ਾਲਸੇ ਨੂੰ ਸਭ ਤਰ੍ਹਾਂ ਦੇ ਦੁੱਖ ਦਿੱਤੇ, ਪਰ ਖ਼ਾਲਸਾ ਸਦਾ ਚੜ੍ਹਦੀਆਂ ਕਲਾਂ ਵਿੱਚ ਰਿਹਾ, ਹਰ ਮੁਸੀਬਤ ਸਮੇਂ ਉਸ ਨੇ ਜੈਕਾਰਾ ਗਜਾਇਆ। ਮੁਸੀਬਤ ਨੂੰ ਸਾਹਮਣੇ ਵੇਖ ਕੇ ਜੈਕਾਰਾ ਗਜਾਉਣਾ ਮੁਸੀਬਤ ਨੂੰ ਵੰਗਾਰਨਾ ਹੈ ਕਿ ਤੂੰ ਆਪਣਾਂ ਜ਼ੋਰ ਲਾ ਲੈ, ਅਸਾਂ ਚੜ੍ਹਦੀਆਂ ਕਲਾਂ ਵਿੱਚ ਹੀ ਰਹਿਣਾ ਹੈ। ਮੁਸੀਬਤ ਦਾ ਦਾਰੂ ਜੈਕਾਰਾ ਹੈ, ਇਹ ਭੇਤ ਖਾਲਸੇ ਨੇ ਜੰਗਲਾਂ ਵਿੱਚ ਰਹਿ ਕੇ ਲੱਭਾ ਸੀ। ਹਰ ਕੋਈ ਪਰਤਿਆ ਕੇ ਵੇਖ ਸਕਦਾ ਹੈ ਕਿ ਮੁਸੀਬਤ ਦੇ ਸਮੇਂ ਜੇਕਰ ਦਿਲ ਖੋਲ੍ਹ ਕੇ ਜੈਕਾਰਾ ਗਜਾਇਆ ਜਾਵੇ ਤਾਂ ਮੁਸੀਬਤ ਦਾ ਅਸਰ ਕਿਤਨਾ ਕੁ ਘਟ ਜਾਂਦਾ ਹੈ। (ਸ੍ਰ: ਕਰਮ ਸਿੰਘ ਹਿਸਟੋਰੀਅਨ)



www.AKJ.Org

# ਬਗ਼ਾਵਤ ਖ਼ੁਸਰੋ ਦੀ, ................ ਸ਼ਹਾਦਤ ਗੁਰੂ ਅਰਜਨ ਦੇਵ ਜੀ ਦੀ

(ਪਾਂਧੀ ਨਨਕਾਣਵੀ)

ਜਹਾਂਗੀਰ ਨੂੰ ਮੁਗ਼ਲੀਆ ਤਖ਼ਤ ਤੇ ਬੈਠਿਆਂ ਅਜੇ ਛੇ ਹਫਤੇ ਹੀ ਬੀਤੇ ਸਨ ਕਿ ਉਸਦੇ ਵੱਡੇ ਸ਼ਹਿਜ਼ਾਦੇ, ਸੁਲਤਾਨ ਖ਼ੁਸਰੋ ਨੇ, ਉਸ ਦੇ ਖਿਲਾਫ਼ ਬਗ਼ਾਵਤ ਦਾ ਪਰਚਮ ਬੁਲੰਦ ਕਰ ਦਿੱਤਾ ਅਤੇ ਉਹ ਆਗਰੇ ਦੇ ਕਿਲ੍ਹੇ 'ਚੋਂ ਕਿਸੇ ਬਹਾਨੇ ਨਿਕਲ ਕੇ, ਵਾਹੋਦਾਹੀ ਪੰਜਾਬ ਵੱਲ ਨੱਠ ਉਠਿਆ। ਇਹ ਘਟਨਾ ਸ਼ਨਿੱਚਰ ਰਾਤ ਦੀ ਹੈ। ਅਮੀਰੁਲ ਉਮਰਾ, ਮੁਹੰਮਦ ਸ਼ਰੀਫ ਨੇ ਰਾਤ ਨੂੰ ਹੀ ਇਹ ਦੁਖਦਾਈ ਖ਼ਬਰ ਜਹਾਂਗੀਰ ਦੇ ਕੰਨੀ ਪਾਈ, ਜਿਸਦੇ ਸੁਣਦਿਆਂ ਹੀ ਉਸ ਦੇ ਤਨ ਬਦਨ ਵਿੱਚ ਅੱਗ ਲੱਗ ਗਈ। ਉਸ ਨੇ ਉਸੀ ਪਲ ਦੇਸ਼ਾਂ ਦੇ ਬਖਸ਼ੀ, ਫਰੀਦ ਬੁਖ਼ਾਰੀ (ਮੁਰਤਜ਼ਾ ਖ਼ਾਨ) ਨੂੰ ਬੁਲਵਾਇਆ ਅਤੇ ਖ਼ੁਸਰੋ ਦਾ ਪਿੱਛਾ ਕਰਨ ਦਾ ਹੁਕਮ ਦੇ ਦਿੱਤਾ। ਫਿਰ ਜਹਾਂਗੀਰ ਖ਼ੁਦ ਵੀ, ਆਪਣੇ ਬੇਟੇ ਦੀ ਬਗ਼ਾਵਤ ਨੂੰ ਕੁਚਲਣ ਲਈ, ਪਿਛਲੇ ਪਹਿਰ ਆਗਰਾ ਛੱਡ ਗਿਆ।

ਖ਼ੁਸਰੋ ਆਵਾਮ ਵਿਚ ਕਾਫੀ ਅਜ਼ੀਜ਼ ਸੀ। ਰਾਹ ਵਿੱਚ ਫੌਜੀ ਜਵਾਨ ਤੇ ਸਰਦਾਰ ਉਸਦੇ ਨਾਲ ਹੁੰਦੇ ਗਏ। ਮੱਥਰਾ ਵਿਚ, ਉਸ ਨੂੰ ਜਰਨੈਲ ਹਸਨ ਬੇਗ ਬਦਖ਼ਸ਼ੀ ਮਿਲਿਆ ਜੋ ਆਗਰੇ ਵਲ ਜਾ ਰਿਹਾ ਸੀ। ਉਹ ਵੀ ਖ਼ੁਸਰੋ ਦਾ ਸਾਥੀ ਬਣ ਗਿਆ। ਰਾਹ ਵਿਚ ਖ਼ੁਸਰੋ ਦੇ ਫੌਜੀਆਂ ਨੇ ਪਿੰਡਾਂ ਤੇ ਕਸਬਿਆਂ ਵਿੱਚ, ਲੁੜੀਂਦਾ ਸਾਮਾਨ ਪ੍ਰਾਪਤ ਕਰਨ ਲਈ ਲੁੱਟ ਮਾਰ ਵੀ ਕੀਤੀ ਤੇ ਇੰਜ ਉਹ ਲਾਹੌਰ ਪੁੱਜ ਗਿਆ। ਉਸ ਦੀ ਬਗ਼ਾਵਤ ਦੀ ਸੂਹ ਪਾ ਕੇ, ਦਿਲਾਵਰ ਖਾਂ, ਸੂਬੇਦਾਰ ਲਾਹੌਰ ਨੇ, ਸ਼ਾਹੀ ਕਿਲ੍ਹੇ ਨੂੰ ਮਜ਼ਬੂਤ ਕਰ ਲਿਆ ਅਤੇ ਖ਼ੁਸਰੋ ਕਿਲ੍ਹਾ ਫਤਿਹ ਕਰਨ ਵਿੱਚ ਅਸਫਲ ਰਿਹਾ। ਇਤਨੇ ਨੂੰ ਫਰੀਦ ਬੁਖ਼ਾਰੀ (ਮੁਰਤਜ਼ਾ ਖ਼ਾਨ) ਸਣੇ ਇਕ ਤਕੜੀ ਫੌਜ ਦੇ, ਗੋਇੰਦਵਾਲ ਦੇ ਅਸਥਾਨ ਤੇ ਆਣ ਪੁੱਜਿਆ। ਇਸ ਤੇ ਖ਼ੁਸਰੋ, ਆਪਣੇ ਸਾਥੀ ਸੈਨਿਕਾਂ ਤੇ ਜਰਨੈਲਾਂ ਨਾਲ ਉਸ ਦੇ ਟਾਕਰੇ ਤੇ ਆਇਆ। ਇਕ ਲਹੂ-ਡੋਲ੍ਹਵੀਂ ਟੱਕਰ ਪਿੱਛੋਂ ਖ਼ੁਸਰੋ ਨੂੰ ਭਾਂਜ ਹੋ ਗਈ ਅਤੇ ਉਹ ਆਪਣੇ ਸਾਥੀ ਬਾਗ਼ੀਆਂ ਸਮੇਤ ਕਾਬਲ ਵੱਲ ਜਾਣ ਲਈ ਦੌੜ ਪਿਆ। ਇਸ ਸਮੇਂ ਅਬਦੁਰ ਰਹੀਮ (ਵਜ਼ੀਰ ਲਾਹੌਰ) ਵੀ ਉਸ ਦੇ ਨਾਲ ਸੀ। ਇਤਨੇ ਨੂੰ ਜਹਾਂਗੀਰ ਵੀ (15 ਅਪ੍ਰੈਲ 1606) ਗੋਇੰਦਵਾਲ ਪੁੱਜ ਗਿਆ ਅਤੇ ਉਸ ਨੇ ਖ਼ੁਸਰੋ ਨੂੰ ਭਾਂਜ ਦੇਣ ਵਾਲੇ ਆਪਣੇ ਨਮਕ-ਹਲਾਲ ਜਰਨੈਲ, ਫਰੀਦ ਬੁਖ਼ਾਰੀ ਨੂੰ ਆਪਣੀ ਛਾਤੀ ਨਾਲ ਘੁੱਟ ਲਿਆ ਅਤੇ ਆਪਣੀਆਂ ਖ਼ੁਸ਼ੀਆਂ ਨਿਛਾਵਰ ਕਰਦਿਆਂ ਹੋਇਆ ਉਸ ਨੂੰ 'ਮੁਰਤਜ਼ਾ ਖ਼ਾਨ' ਦੇ ਲਕਬ ਨਾਲ ਨਿਵਾਜਿਆ ਤੇ ਰਾਤ ਉਸ ਦੇ ਖ਼ੇਮੇ ਵਿੱਚ ਹੀ ਬਿਤਾਈ।

ਆਗਰੇ ਤੋਂ ਚੱਲਣ ਪਿਛੋਂ ਬਾਦਸ਼ਾਹ ਜਹਾਂਗੀਰ ਨੂੰ ਜਿਸ ਕਿਸੇ ਵੀ ਖ਼ੁਸਰੋ ਦੀ ਸਹਾਇਤਾ ਕਰਨ ਦੀ ਦੱਸ ਪਾਈ, ਉਹ ਉਹਨਾਂ ਨੂੰ ਸਜ਼ਾਵਾਂ ਦੇਂਦਾ ਆਇਆ ਸੀ। ਥਾਨੇਸਰ ਦੇ ਸ਼ੇਖ ਨਿਜ਼ਾਮ ਨੇ ਖ਼ੁਸਰੋ ਦੇ ਹੱਕ ਵਿੱਚ ਦੁਆ ਮੰਗੀ ਸੀ, ਉਸ ਨੇ ਉਸ ਨੂੰ ਦੇਸ਼-ਬੱਦਰ ਕਰ ਕੇ ਮੱਕੇ ਭਿਜਵਾ ਦਿੱਤਾ ਸੀ। ਇੰਜ ਜਹਾਂਗੀਰ ਬਾਰ੍ਹਾਂ ਦਿਨਾਂ ਤਕ ਮਾਝੇ ਦੇ ਪਿੰਡਾਂ ਵਿਚ ਫਿਰਦਾ ਤੁਰਦਾ ਰਿਹਾ। ਉਸ ਰਾਜਾ ਬਾਸੂ ਨੂੰ ਖ਼ੁਸਰੋ ਦੇ ਤੁਆਕਿਬ ਲਈ ਨਿਯੁਕਤ ਕੀਤਾ ਤੇ ਇੰਜ ਉਸ ਬੜੇ ਆਰਾਮ ਨਾਲ ਲਾਹੌਰ ਦੇ ਮਿਰਜ਼ਾ ਕਾਮਰਾਨ ਦੇ ਬਾਗ ਵਿੱਚ ਆਣ ਕਯਾਮ (27 ਅਪ੍ਰੈਲ) ਕੀਤਾ। ਪਹਿਲੀ ਮਈ 1606 ਨੂੰ ਉਸ ਨੂੰ ਖ਼ਬਰ ਮਿਲੀ ਕਿ ਖ਼ੁਸਰੋ, ਸਣੇ ਸਮੂਹ ਸਾਥੀਆਂ ਦੇ, ਦਰਿਆ ਚਨਾਬ ਦੇ ਕੰਢੇ ਤੇ ਉਸ ਸਮੇਂ ਗ੍ਰਿਫਤਾਰ ਕਰ ਲਿਆ ਗਿਆ ਜਦੋਂ ਕਿ ਉਹ ਚਨਾਬ ਪਾਰ ਕਰਨ ਲੱਗਾ ਸੀ। ਜਰਨੈਲ-ਅਬੁਲ ਕਾਸਿਮ ਤੇ ਹਲਾਲ ਖਾਂ ਨੇ ਉਹਨੂੰ ਤੇ ਉਸ ਦੇ ਸਾਥੀਆਂ ਨੂੰ ਸੰਗਲਾਂ ਵਿੱਚ ਨੂੜ ਕੇ ਲਾਹੌਰ ਲਿਆਂਦਾ ਤੇ ਖ਼ੁਸਰੋ ਨੂੰ ਬਾਦਸ਼ਾਹ ਦੇ ਸਾਹਮਣੇ ਪੇਸ਼ ਕੀਤਾ। ਜਹਾਂਗੀਰ ਨੇ ਜਿਥੇ ਰੋਂਦੇ ਕੁਰਲਾਂਦੇ ਖ਼ੁਸਰੋ ਨੂੰ ਬੰਦੀ-ਖਾਨੇ ਵਿੱਚ ਸੁਟਵਾ ਦਿੱਤਾ, ਉਥੇ ਉਸ ਦੇ ਸਾਥੀ ਜਰਨੈਲਾਂ, ਅਬਦੁਰ ਰਹੀਮ ਤੇ ਹੁਸੱਨ ਬੇਗ ਬਦਖਸ਼ੀ ਨੂੰ ਜੀਊਂਦਿਆ, ਬਿਲਤਰਤੀਬ ਖੋਤੇ ਅਤੇ ਬਲਦ ਦੀ ਖੱਲ ਵਿਚ ਲਪੇਟ ਕੇ ਸ਼ਹਿਰ ਵਿੱਚ ਘੁੰਮਾਉਣ ਦਾ ਹੁਕਮ ਦਿੱਤਾ ਤੇ ਇੰਜ ਦੋਵੇਂ ਜਰਨੈਲ ਦੰਮ ਘੁੱਟਣ ਕਾਰਨ ਮਰ ਗਏ। ਫਿਰ ਜਹਾਂਗੀਰ ਨੇ ਲਾਹੌਰੀ ਦਰਵਾਜ਼ੇ ਦੇ ਬਾਹਰਵਾਰ ਸੂਲੀਆਂ ਗਡਵਾਈਆਂ ਅਤੇ ਖ਼ੁਸਰੋ ਦੇ ਬਦਕਿਸਮਤ ਸਾਥੀਆਂ ਨੂੰ, ਸਮੂਹ ਲਾਹੌਰ-ਨਿਵਾਸੀਆਂ ਦੇ ਰੂਬਰੂ, ਸੂਲੀਆਂ ਤੇ ਲਟਕਵਾ ਦਿੱਤਾ, ਤੇ ਇੰਜ ਆਪਣੇ ਤਪਦੇ ਹਿਰਦੇ ਨੂੰ ਠੰਡਾ ਕੀਤਾ। ਇਸ ਭਿਆਨਕ ਦ੍ਰਿਸ਼ ਨੂੰ ਵੇਖ ਕੇ ਲਾਹੌਰ ਸ਼ਹਿਰ ਦੇ ਲੋਕ ਦਰੱਵ ਗਏ। ਤੇ ਫਿਰ ਖ਼ੁਸਰੋ ਨੂੰ ਸੰਗਲਾਂ ਵਿੱਚ ਨੂੜ ਕੇ ਇੱਕ ਹਾਥੀ ਤੇ ਬਿਠਾਇਆ ਗਿਆ ਅਤੇ ਸੂਲੀਆਂ ਤੇ ਲਟਕੇ, ਉਸ ਦੇ ਵਫ਼ਾਦਾਰ ਸਾਥੀਆਂ ਦੇ ਦਰਮਿਆਨ ਲੰਘਾਇਆ ਗਿਆ, ਅਤੇ ਵਿਅੰਗ ਨਾਲ ਕਿਹਾ ਗਿਆ :-

*"ਆਪਣੇ ਸਾਥੀਆਂ ਦਾ ਸਲਾਮ ਕਬੂਲ ਕਰੋ ਸੁਲਤਾਨ ਖ਼ੁਸਰੋ।"*

ਤੇ ਇੰਜ ਖ਼ੁਸਰੋ ਦੀ ਬਗ਼ਾਵਤ ਦਾ ਤਾਂ ਅੰਤ ਹੋ ਗਿਆ, ਪਰ ਇਸ ਦੇ ਨਾਲ ਹੀ ਇਕ ਨਵੇਂ ਦੁਖਦਾਈ ਕਾਂਡ ਦਾ ਆਰੰਭ ਹੋ ਗਿਆ। ਉਹ ਗੱਲ ਇੰਜ ਹੋਈ :-

ਗੁਰੂ ਨਾਨਕ ਦੇ ਦਰ ਘਰ ਦੇ ਦੋਖੀ, ਜਹਾਂਗੀਰ ਦੇ ਗੁੱਸੇ ਨੂੰ ਆਪਣੀ ਅੱਖੀਂ ਵੇਖ ਚੁੱਕੇ ਸਨ ਕਿ ਬਾਦਸ਼ਾਹ ਤਾਂ ਕਿਸੇ ਨੂੰ ਮੁਆਫ ਕਰਨ ਲਈ ਤਿਆਰ ਹੀ ਨਹੀਂ ਬੇਸ਼ਕ ਉਸਦਾ ਆਪਣਾ ਸਕਾ ਪੁੱਤਰ ਹੀ ਕਿਉਂ ਨਾ ਹੋਵੇ। ਗੁਰੂ ਨਾਨਕ ਦੀ ਪੰਜਵੀਂ ਜੋਤ, ਸ੍ਰੀ ਗੁਰੂ ਅਰਜਨ ਦੇਵ ਜੀ ਦੀ



www.AKJ.Org

ਹਰਦਿਲ ਅਜ਼ੀਜ਼ੀ, ਉਹਨਾਂ ਸਮੂਹ ਗੁਰੂ ਘਰ ਦੇ ਦੋਖੀਆਂ ਦੇ ਦਿਲਾਂ ਵਿਚ ਖ਼ਾਰ ਵਾਂਗ ਚੁੱਭ ਰਹੀ ਸੀ, ਤੇ ਉਹਨਾਂ ਸਭਨਾਂ ਨੇ ਰਲ ਕੇ ਇਹ ਸ਼ਾਜਿਸ਼ ਘੜੀ ਕਿ ਜੇ ਗੁਰੂ ਅਰਜਨ ਦੇਵ ਦੇ ਬਰਖਿਲਾਫ ਇਹ ਇਲਜ਼ਾਮ ਲਗਾ ਦਿੱਤਾ ਜਾਏ ਕਿ ਉਹਨਾਂ ਨੇ ਖ਼ੁਸਰੋ ਦੇ ਮੱਥੇ ਤੇ ਸ਼ਗਨਾਂ ਦਾ ਪ੍ਰਤੀਕ ਤਿਲਕ ਲਗਾਇਆ ਸੀ ਤਾਂ ਉਹ ਗੁਰੂ ਅਰਜਨ ਦੇਵ ਜੀ ਨੂੰ ਸਫਾ-ਏ-ਹਸਤੀ ਤੋਂ ਮਿੱਟਾ ਸਕਦੇ ਹਨ। ਸੋ ਸ਼ਾਹੀ ਕਾਜ਼ੀ, ਮੁਰਤਜ਼ਾ ਖ਼ਾਨ, ਅਤੇ ਦੀਵਾਨ ਚੰਦੂ ਲਾਲ, ਆਦਿ ਗੁਰੂ ਘਰ ਦੇ ਦੋਖੀਆ ਨੇ ਜਹਾਂਗੀਰ ਦੇ ਕੰਨਾਂ ਵਿੱਚ ਗੱਲ ਪਾਈ ਕਿ ਗੋਇੰਦਵਾਲ ਦੇ ਅਸਥਾਨ ਤੇ ਸਿੱਖ ਧਰਮ ਦੇ ਪੰਜਵੇਂ ਰਹਿਬਰ ਗੁਰੂ ਅਰਜਨ ਦੇਵ ਨੇ ਖ਼ੁਸਰੋ ਦੇ ਮੱਥੇ ਤੇ ਤਿਲਕ ਲਗਾਇਆ ਸੀ ਅਤੇ ਉਸ ਦੇ ਹੱਕ ਵਿੱਚ ਦੁਆ ਵੀ ਮੰਗੀ ਸੀ। ਉਸ ਨੂੰ ਅਤੇ ਉਸ ਦੇ ਸਾਥੀ ਬਾਗੀਆਂ ਨੂੰ ਰੋਟੀ ਵੀ ਖੁਆਈ ਸੀ ਅਤੇ ਉਸਦੀ ਮਾਲੀ ਸਹਾਇਤਾ ਵੀ ਕੀਤੀ ਸੀ ਜਦ ਕਿ ਹਕੂਮਤ ਦੇ ਬਾਗੀ ਦੀ ਕਿਸੇ ਕਿਸਮ ਦੀ ਸਹਾਇਤਾ ਕਰਨੀ ਕਾਬਿਲ-ਸਜ਼ਾ ਹੈ, ਫਿਰ ਗੁਰੂ ਅਰਜਨ ਨੂੰ ਕਿਉਂ ਸਜ਼ਾ ਨਹੀਂ ਦਿੱਤੀ ਗਈ ਜਦ ਕਿ ਹਕੂਮਤ ਦੇ ਦੂਜੇ ਬਾਗੀਆਂ ਨੂੰ ਭਿਆਨਕ ਸਜ਼ਾਵਾਂ ਦਿੱਤੀਆਂ ਗਈਆਂ ਹਨ ? ਜਹਾਂਗੀਰ, ਜਿਹੜਾ ਕਿ ਸ਼ੇਖ ਅਹਿਮਦ ਸਰਹੰਦੀ ਰਾਹੀਂ ਪਹਿਲਾਂ ਹੀ ਗੁਰੂ ਅਰਜਨ ਦੇਵ ਜੀ ਦੀ ਹਰਦਿਲ ਅਜ਼ੀਜ਼ੀ ਬਾਬਤ ਜਾਣ ਚੁੱਕਿਆ ਸੀ ਤੇ ਹਿੰਦੁਸਤਾਨ ਵਿੱਚ ਕੇਵਲ ਇਸਲਾਮ ਦੇ ਬੋਲ ਬਾਲੇ ਦਾ ਇਛੁੱਕ ਸੀ, ਹੁਣ ਇਹਨਾਂ ਬੇਬੁਨਿਆਦ ਊਜਾਂ ਦਾ ਸਹਾਰਾ ਲੈ ਕੇ ਆਪਣੇ ਮਨ ਦੀ ਮੁਰਾਦ ਪੂਰੀ ਕਰਨਾ ਚਾਹੁੰਦਾ ਸੀ। ਸੋ ਉਸਨੂੰ ਇਹ ਮੌਕਾ, ਉਸਦੇ ਨਿਕਟ ਵਰਤੀਆਂ ਨੇ ਮੁਹਿਯੱਯਾ ਕਰ ਹੀ ਦਿੱਤਾ। ਤਖ਼ਤ ਨਸ਼ੀਨੀ ਤੋਂ ਪਹਿਲੋਂ ਹੀ ਜਹਾਂਗੀਰ, ਦਿਲੋਂ ਗੁਰੂ ਘਰ ਨਾਲ ਨਫਰਤ ਕਰਦਾ ਸੀ। ਉਹ ਗੁਰੂ ਸਾਹਿਬਾਨ ਵਲੋਂ ਮਨੁੱਖ ਮਾਤਰ ਦੇ ਕਲਿਆਣ ਲਈ ਕੀਤੀ ਸੇਵਾ ਨੂੰ ਇਕ ਝੂਠੀ ਦੁਕਾਨਦਾਰੀ ਖਿਆਲਦਾ ਸੀ ਜੋ ਕਿ ਉਸਦੇ ਆਪਣੇ ਵਿਚਾਰ ਅਨੁਸਾਰ ਉਸ ਦੇ ਵਾਧੇ ਤੇ ਸੀ ਤੇ ਹਿੰਦੂ ਤੇ ਮੁਸਲਮਾਨ, ਦੋਵੇਂ ਧਰਮਾਂ ਦੇ ਲੋਕ, ਗੁਰੂ ਘਰ ਦੇ ਸ਼ਰਧਾਲੂ ਬਣਦੇ ਜਾ ਰਹੇ ਸਨ, ਜਿਸ ਨੂੰ ਉਹ ਕਿਸੇ ਸੂਰਤ ਵਿੱਚ ਵੀ ਬਰਦਾਸ਼ਤ ਨਹੀਂ ਸੀ ਕਰ ਸਕਦਾ। ਤੁਅੱਸਬ ਦੀ ਜੁਆਲਾ, ਪਹਿਲਾਂ ਤੋਂ ਹੀ ਉਸ ਦੇ ਦਿਲ ਵਿੱਚ ਭੜਕ ਰਹੀ ਸੀ। ਉਸ ਨੂੰ ਤਾਂ ਇਸ ਗੱਲ ਦਾ ਵੀ ਇਲਮ ਸੀ ਕਿ ਮੁਗਲ ਅਹਿਦ ਦੇ ਮਹਾਨ ਸੂਫ਼ੀ ਦਰਵੇਸ਼, ਸਾਈਂ ਮੀਆਂ ਮੀਰ ਵੀ, ਗੁਰੂ ਅਰਜਨ ਦੇਵ ਤੋਂ ਆਪਣਾ ਪਿਆਰ ਨਿਛਾਵਰ ਕਰਦੇ ਸਨ ਤੇ ਇਸ ਦਾ ਸਬੂਤ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਦੀ ਘਟਨਾ ਤੋਂ ਪ੍ਰਤੱਖ ਸੀ। ਉਹ ਇਹ ਵੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਗੁਰੂ ਅਰਜਨ ਦੇਵ ਨੇ, ਗੁਰੂ ਗਰੰਥ ਸਾਹਿਬ ਦੀ ਸੰਪਾਦਨਾ ਕਰਕੇ ਇਕ ਐਸਾ ਮਹਾਨ ਕਾਰਨਾਮਾ ਸਰ-ਅੰਜਾਮ ਦਿੱਤਾ ਹੈ ਜਿਸ ਦੇ ਨਤੀਜੇ ਬੜੇ ਦੂਰ-ਰਸ ਨਿਕਲ ਸਕਦੇ ਨੇ ਅਤੇ ਇਹ ਗਰੰਥ ਸਮਾਂ ਪਾ ਕੇ ਹਿੰਦੂਆਂ, ਮੁਸਲਮਾਨਾਂ ਯਾਨੀ ਸਭ ਧਰਮਾਂ ਦੇ ਲੋਕਾਂ ਵਿੱਚ ਏਕਤਾ ਤੇ ਭ੍ਰਾਤਰੀ ਪਿਆਰ ਪੈਦਾ ਕਰ ਦੇਵੇਗਾ, ਜੋ ਉਸ ਦੇ ਆਪਣੇ ਕਥਨ ਅਨੁਸਾਰ ਇਸਲਾਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਘਾਤਕ ਸਿੱਧ ਹੋ ਸਕਦਾ ਸੀ। ਅਤੇ ਮੁਰਤਜ਼ਾ ਖ਼ਾਨ, ਕਾਜ਼ੀਆਂ, ਮੁਫਤੀਆਂ ਤੇ ਦੀਵਾਨ ਚੰਦੂ ਲਾਲ ਦੀਆਂ ਰੰਜਸ਼ਾਂ, ਇਸ ਮਾਮਲੇ ਵਿੱਚ, ਉਸ ਦੇ ਕੰਮ ਆ ਗਈਆਂ। ਅੰਤ, ਇਸ ਬੇ-ਬੁਨਿਆਦ ਇਲਜ਼ਾਮ ਕਿ 'ਗੁਰੂ ਅਰਜਨ ਦੇਵ ਨੇ ਖ਼ੁਸਰੋ ਤੇ ਮੱਥੇ ਤੇ ਤਿਲਕ ਲਗਾਇਆ ਸੀ' ਨੂੰ ਸੱਚ ਗਰਦਾਨ ਕੇ, ਜਹਾਂਗੀਰ ਨੇ ਅਦਲਿ-ਜਹਾਂਗੀਰ ਦੇ ਖੋਖਲੇ ਨਕਾਬ ਨੂੰ ਲਾਹ ਕੇ, ਮੁਰਤਜ਼ਾ ਖਾਨ ਨੂੰ ਹੁਕਮ ਦੇ ਦਿੱਤਾ ਕਿ ਉਹ ਗੁਰੂ ਅਰਜਨ ਦੇਵ ਨੂੰ ਗ੍ਰਿਫਤਾਰ ਕਰਕੇ ਫੌਰੀ ਤੌਰ ਤੇ ਲਾਹੌਰ ਲੈ ਆਵੇ ਤੇ ਉਸ ਦੇ ਘਰ ਘਾਟ ਤੇ ਮਾਲ ਅਸਬਾਬ ਤੇ ਕਬਜ਼ਾ ਕਰ ਲਵੇ। ਇਸ ਦੇ ਨਾਲ ਹੀ ਉਸ ਇਹ ਹੁਕਮ ਵੀ ਸੁਣਾਇਆ ਕਿ ਗੁਰੂ ਅਰਜਨ ਦੇਵ ਨੂੰ ਇਸਲਾਮ ਦੇ ਘੇਰੇ ਵਿੱਚ ਲਿਆਉਣ ਲਈ ਹਰ ਤਰ੍ਹਾਂ ਦੀ ਸਖਤੀ ਵਰਤੀ ਜਾਏ ਅਤੇ ਜੇ ਉਹ ਨਾਂ ਮੰਨੇ ਤਾਂ 'ਯਾਸਾ' ਦੀ ਸਜ਼ਾ ਰਾਹੀਂ ਖਤਮ ਕਰ ਦਿੱਤਾ ਜਾਏ, ਲੇਕਿਨ ਕਿਸੇ ਨੂੰ ਖਬਰ ਤੱਕ ਨਾ ਹੋਵੇ। ਇਸ ਦੇ ਨਾਲ ਹੀ ਉਸ ਚਲਾਕ ਤੇ ਮੱਕਾਰ ਬਾਦਸ਼ਾਹ ਨੇ ਆਪਣੀ ਜ਼ਾਤ ਨੂੰ ਦੁਨੀਆਂ ਦੀ ਨਜ਼ਰ ਵਿਚ ਇਨਸਾਫ-ਪਸੰਦ ਅਖਵਾਉਣ ਲਈ ਅਤੇ ਗੁਰੂ ਅਰਜਨ ਦੇਵ ਦੀ ਸ਼ਹਾਦਤ ਦੀ ਜ਼ਿਮੇਵਾਰੀ ਤੋਂ ਬਚਣ ਲਈ ਇਹ ਹੁਕਮ ਵੀ ਦਿੱਤਾ ਕਿ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰਕੇ ਦੀਵਾਨ ਚੰਦੂ ਲਾਲ ਦੇ ਹਵਾਲੇ ਕਰ ਦਿੱਤਾ ਜਾਏ ਤਾਂ ਜੋ ਉਹ ਆਪਣੀ ਬੇਇਜ਼ਤੀ ਦਾ ਬਦਲਾ ਚੁੱਕਾ ਸਕੇ ਜੋ ਕਿ ਗੁਰੂ ਅਰਜਨ ਦੇਵ ਨੇ ਉਸ ਦੀ ਧੀ ਦਾ ਰਿਸ਼ਤਾ ਨਾ ਮੰਨਜ਼ੂਰ ਕਰ ਕੇ ਕੀਤੀ ਸੀ ਤੇ ਆਪ ਉਹ ਉਸੇ ਪਲ ਸਿੰਧ ਵਲ ਚਾਲੇ ਪਾ ਗਿਆ।

ਇਧਰ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਵੀ, ਜਿਨ੍ਹਾਂ ਨੇ ਆਪਣੀ ਆਯੂ ਦਾ ਇੱਕ ਇੱਕ ਪਲ ਮਨੁੱਖ ਮਾਤਰ ਦੀ ਸੇਵਾ, ਤੇ ਉਹਨਾਂ ਦੀ ਆਤਮਿਕ ਕਲਿਆਨ ਲਈ ਲਗਾ ਰੱਖਿਆ ਸੀ, ਹਕੂਮਤ ਦੇ ਦਰਿੰਦਿਆਂ ਦੀਆਂ ਮੰਦ-ਭਾਵਨਾਵਾਂ ਨੂੰ ਕਾਫੀ ਸਮੇਂ ਤੋਂ ਭਾਂਪ ਰਹੇ ਸਨ ਅਤੇ ਸੰਸਾਰ ਦੇ ਇਤਿਹਾਸ ਵਿੱਚ ਇੱਕ ਅਦੁੱਤੀ ਕੁਰਬਾਨੀ ਦੇਣ ਲਈ ਤਿਆਰੀਆਂ ਕਰ ਰਹੇ ਸਨ। ਲਾਹੌਰ ਜਾਣ ਤੋਂ ਪਹਿਲਾਂ, ਉਹਨਾਂ ਆਪਣੇ ਇਕਲੌਤੇ ਜਵਾਨ ਹੋ ਰਹੇ ਬੇਟੇ ਹਰਿਗੋਬਿੰਦ ਨੂੰ ਸਪਸ਼ਟ ਰੂਪ ਵਿੱਚ ਹੁਕਮ ਦਿੱਤਾ ਕਿ ਉਹਨਾਂ ਨੇ ਸਿੱਖ ਧਰਮ ਨੂੰ ਨਵਾਂ ਸਰੂਪ ਬਖਸ਼ਣਾ ਹੈ। ਆਪ ਬਾਦਸ਼ਾਹਾਂ ਵਾਂਗ



www.AKJ.Org

ਸੀਸ ਤੇ ਕਲਗੀ ਸਜਾਉਣੀ ਹੈ, ਘੋੜ ਅਸਵਾਰੀ ਕਰਨੀ ਹੈ, ਸ਼ਸ਼ਤਰ ਵਿਦਿਆ ਵਿਚ ਆਪ ਨਿਪੁੰਨ ਹੋਣਾ ਹੈ ਅਤੇ ਆਪਣੇ ਸਿੱਖਾਂ ਨੂੰ ਵੀ ਨਿਪੁੰਨ ਕਰਨਾ ਹੈ, ਤਲਵਾਰਾਂ ਪਹਿਨਣੀਆਂ ਹਨ ਅਤੇ ਫੌਜਾਂ ਰੱਖਣੀਆਂ ਹਨ ਕਿਉਂਕਿ ਉਹਨਾਂ ਦੀ ਸ਼ਹਾਦਤ ਪਿੱਛੋਂ ਸ਼ਾਹੀ ਜ਼ਬਰ ਦਾ ਟਾਕਰਾ ਸ਼ਾਂਤੀ ਦੇ ਹਥਿਆਰਾਂ ਨਾਲ ਕਰਨਾ ਮੁਸ਼ਕਿਲ ਹੋ ਜਾਵੇਗਾ।

ਤੇ ਇਹ ਬਚਨ ਕਰਕੇ ਉਨ੍ਹਾਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਹੋਰ ਅਨਿੰਨ ਸਿੱਖਾਂ ਨੂੰ ਸਮਝਾਇਆ ਅਤੇ ਅੰਤਿਮ ਵਿਦਾਇਗੀ ਲੈ ਕੇ ਉਹ ਸ਼ਾਹੀ ਅਹਿਦੀਆਂ ਨਾਲ ਲਾਹੌਰ ਵਲ ਚੱਲ ਪਏ ਆਪਣੇ ਸਿੱਖਾਂ ਨੂੰ ਵਿਲ੍ਕਦਿਆਂ ਛੱਡ ਕੇ। ਆਖਰ ਇਹ ਬੇਬੱਸ ਸਿੱਖ, ਕਰ ਵੀ ਕੀ ਸਕਦੇ ਸਨ ? ਬੱਸ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰ ਛੱਡਦੇ ਤੇ ਇਸ ਵਾਤਾਵਰਣ ਵਾਲੇ ਕਹਿਰ ਨੂੰ 'ਰੱਬੀ ਭਾਣਾ' ਸਮਝ ਕੇ ਚੁੱਪ ਕਰ ਜਾਂਦੇ।

ਤੇ ਇੰਜ ਗੁਰੂ ਅਰਜਨ ਦੇਵ ਜੀ ਬੰਦੀ ਬਣਾ ਕੇ, ਸਖਤ ਫੌਜੀ ਪਹਿਰੇ ਵਿੱਚ ਲਾਹੌਰ ਲਿਆਂਦੇ ਗਏ। ਉਸੇ ਸ਼ਹਿਰ ਲਾਹੌਰ ਵਿੱਚ, ਜਿਥੇ ਆਪ ਨੇ ਆਪਣੇ ਜੀਵਨ ਦੇ ਕੀਮਤੀ ਅੱਠ ਮਹੀਨੇ, ਕਾਲ-ਪੀੜਤ, ਲੋਕਾਂ ਦੇ ਦੁੱਖ ਹਰਨ ਲਈ ਬਤੀਤ ਕੀਤੇ ਸਨ। ਤੇ ਫਿਰ ਬਾਦਸ਼ਾਹ ਦੇ ਹੁਕਮ ਅਨੁਸਾਰ, ਗੁਰੂ ਅਰਜਨ ਦੇਵ ਜੀ ਨੂੰ ਦੀਵਾਨ ਚੰਦੂ ਲਾਲ ਦੇ ਹਵਾਲੇ ਕਰ ਦਿੱਤਾ ਗਿਆ। ਉਹ ਗੁਰੂ ਜੀ ਨੂੰ ਆਪਣੀ ਹਵੇਲੀ ਦੇ ਪਿਛਵਾੜੇ ਲੈ ਆਇਆ ਅਤੇ ਅਤਿ ਦੀ ਗਰਮੀ ਦੇ ਦਿਨਾਂ ਵਿੱਚ ਉਹਨਾਂ ਨੂੰ ਇੱਕ ਕੋਠੜੀ ਵਿੱਚ ਬੰਦ ਕਰ ਦਿੱਤਾ। ਫਿਰ ਚਵੀਂ ਪਾਸੇ ਤਕੜਾ ਫੌਜੀ ਪਹਿਰਾ ਲਗਾ ਦਿੱਤਾ ਗਿਆ ਅਤੇ ਹੁਕਮ ਦਿੱਤਾ ਕਿ ਕਿਸੇ ਵੀ ਵਿਅਕਤੀ ਨੂੰ ਅੰਦਰ ਨਾਂ ਜਾਣ ਦਿੱਤਾ ਜਾਵੇ। ਉਸ ਨੇ ਸਤਿਗੁਰੂ ਜੀ ਨੂੰ ਭੁੱਖਿਆ ਅਤੇ ਪਿਆਸਿਆਂ ਰੱਖਿਆ ਤੇ ਉਹਨਾਂ ਨੂੰ ਆਖਿਆ ਕਿ ਜੇ ਦੀਨ ਇਸਲਾਮ ਕਬੂਲ ਕਰ ਲਵੋਗੇ ਤਾਂ ਛੱਡ ਦਿੱਤੇ ਜਾਓਗੇ ਨਹੀਂ ਤਾਂ ਅਜਿਹੀ ਮੌਤੇ ਮਰੋਗੇ ਕਿ ਸੰਸਾਰ ਤੇ ਕੋਈ ਅੱਜ ਤੱਕ ਨਹੀਂ ਮੋਇਆ ਹੋਵੇਗਾ। ਪਰ ਗੁਰੂ ਅਰਜਨ ਦੇਵ, ਜਿਨ੍ਹਾਂ ਦੀ ਮਹਾਨ ਆਤਮਾ, ਗੁਰ ਸ਼ਬਦ ਰਾਹੀਂ, ਵਾਹਿਗੁਰੂ ਦੇ ਚਰਨਾਂ ਵਿੱਚ ਨਿਰੰਤਰ ਜੁੜੀ ਹੋਈ ਸੀ, ਬਿਲਕੁਲ ਅਹਿਲ ਤੇ ਅਡੋਲ ਰਹੇ। ਉਹਨਾਂ ਉਸ ਦੇ ਕਿਸੇ ਵੀ ਬੋਲ ਦਾ ਉੱਤਰ ਦੇਣਾ ਉਚਿਤ ਨਹੀਂ ਜਾਣਿਆ। ਫਿਰ ਚੰਦੂ ਨੇ ਤਪਦੀ ਦੁਪਹਿਰੇ, ਤਪੀ ਹੋਈ ਰੇਤ ਉੱਪਰ ਉਨ੍ਹਾਂ ਨੂੰ ਬੈਠਣ ਲਈ ਕਿਹਾ। ਵਾਹਿਗੁਰੂ ਦੇ ਰੰਗ ਵਿੱਚ ਰੱਤੇ ਗੁਰੂ ਅਰਜਨ ਦੇਵ ਇੰਜ ਹੀ ਰੇਤ ਤੇ ਚੌਂਕੜਾਂ ਮਾਰ ਕੇ ਬੈਠ ਗਏ। ਚੰਦੂ ਲਾਲ ਨੇ ਸੋਚਿਆ, ਕੁੱਝ ਵਧੇਰੇ ਸਖਤੀ ਕਰਨੀ ਚਾਹੀਦੀ ਹੈ। ਸੋ ਉਸ ਨੇ ਇਕ ਪਾਣੀ ਦੀ ਦੇਗ ਨੂੰ ਖੂਬ ਉਬਾਲਣ ਦਾ ਹੁਕਮ ਦਿੱਤਾ। ਜਦੋਂ ਪਾਣੀ ਖੂਬ ਤੱਤਾ ਹੋ ਗਿਆ ਤਾਂ ਗੁਰੂ ਜੀ ਨੂੰ ਦੇਗ ਵਿੱਚ ਬਿਠਾ ਦਿੱਤਾ ਗਿਆ। ਗੁਰੂ ਜੀ ਦੇਗ ਵਿੱਚ ਵੀ ਅਡੋਲ ਬੈਠ ਗਏ, ਗਰਮ ਪਾਣੀ ਨੇ ਆਪ ਦੇ ਮਲੂਕ ਜਿਸਮ ਦੀ ਖੱਲ ਉਧੇੜ ਸੁੱਟੀ ਪਰ ਆਪ ਨਿਰੰਤਰ ਵਾਹਿਗੁਰੂ ਦਾ ਜਾਪ ਜਪਦੇ ਹੋਏ, ਸੁਰਤ ਵਾਹਿਗੁਰੂ ਦੇ ਚਰਨ ਕਮਲਾਂ ਨਾਲ ਜੋੜੀ ਬੈਠੇ ਰਹੇ ਅਤੇ ਮੁੱਖੋਂ 'ਹਾਇ' ਤੱਕ ਨਹੀਂ ਆਖੀ। ਫਿਰ ਜ਼ਾਲਮ ਚੰਦੂ ਨੇ ਇਕ ਲੋਹ ਤਪਾਉਣ ਦਾ ਹੁਕਮ ਦਿੱਤਾ। ਜਦੋਂ ਲੋਹ ਲਾਲ ਸੁਰਖ ਹੋ ਗਈ ਤਾਂ ਮਨੁੱਖ ਮਾਤਰ ਦੇ ਤਪਦੇ ਹਿਰਦਿਆਂ ਨੂੰ ਠਾਰਨ ਵਾਲੀ 'ਸੁਖਮਨੀ' ਦੇ ਰਚਨਹਾਰੇ, ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਤੱਤੀ ਹੋਈ ਤਵੀ ਤੇ ਬਿਠਾ ਦਿੱਤਾ ਗਿਆ। ਗਰਮ ਲੋਹ ਭਾਵੇਂ ਆਪ ਜੀ ਦਾ ਜਿਸਮ ਸਾੜ ਰਹੀ ਸੀ ਪਰ ਮੁਖੋਂ ਆਪ ਇਹੋ ਆਖ ਰਹੇ ਸਨ :-

"ਤੇਰਾ ਕੀਆ ਮੀਠਾ ਲਾਗੈ,
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।"

ਕਿਸੇ ਨੂੰ ਬਦ ਦੁਆ ਨਹੀਂ ਦਿੱਤੀ, ਇਹ ਸਭ ਜ਼ੁਲਮ ਆਪ ਵਾਹਿਗੁਰੂ ਦਾ ਭਾਣਾ ਸਮਝ ਕੇ ਬਰਦਾਸ਼ਤ ਕਰਦੇ ਰਹੇ। ਫਿਰ ਨਿਰਦਈ ਚੰਦੂ ਦੇ ਹੁਕਮ ਅਨੁਸਾਰ, ਭੜਭੂੰਜੇ ਨੇ ਗਰਮ ਰੇਤ ਦੇ ਕੜਛੇ ਹਜ਼ੂਰ ਦੇ ਨੰਗੇ ਸਰੀਰ ਤੇ ਪਾਏ ਤਾਂ ਜੋ ਉੱਧੜੀ ਹੋਈ ਚਮੜੀ ਤੇ ਰੇਤ ਦੇ ਕਿਣਕੇ ਉਨ੍ਹਾਂ ਨੂੰ ਵਧੇਰੇ ਦੁੱਖ ਪੁਚਾ ਸਕਣ ਪਰ ਸਤਿਗੁਰੂ ਜੀ ਨੇ ਵੀ ਸਬਰ, ਸੰਤੋਖ ਦਾ ਪਰਦਰਸ਼ਨ ਕਰ ਕੇ ਹੱਦ ਹੀ ਕਰ ਦਿੱਤੀ। ਇਹ ਦ੍ਰਿਸ਼ ਵੇਖ ਕੇ, ਚੰਦੂ ਦੀ ਨੂੰਹ ਵੀ ਹੰਝੂ ਭਰ ਭਰ ਰੁੰਨੀ ਤੇ ਸਾਂਈ ਮੀਆਂ ਮੀਰ ਵੀ ਤੜਫ ਉਠਿਆ, ਇਹ ਭਿਆਨਕ ਦ੍ਰਿਸ਼ ਵੇਖ ਕੇ। ਪਰ ਧੰਨ ਹਨ, ਗੁਰੂ ਅਰਜਨ ਦੇਵ ਜੀ ਮਹਾਰਾਜ, ਜੋ ਆਪ ਪਰਤੱਖ ਹਰੀ ਦਾ ਰੂਪ ਹਨ ਫਿਰ ਵੀ ਸਾਂਈ ਮੀਆਂ ਮੀਰ ਨੂੰ ਫੁਰਮਾ ਰਹੇ ਹਨ :-

*"ਸਾਈਂ ਜੀ ਸ਼ਾਂਤ ਹੋ ਜਾਉ, ਸ਼ਾਂਤ ਹੋ ਜਾਉ।"*

ਇਤਨੀ ਤਕਲੀਫ-ਦੇਹ ਸਜ਼ਾ, ਦੁਨੀਆਂ ਦੇ ਤਖ਼ਤੇ ਤੇ ਕਿਸੇ ਨੂੰ ਨਹੀਂ ਦਿੱਤੀ ਗਈ, ਜਿਤਨੀ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ, ਮਹਿਜ਼ ਇਸ ਲਈ ਦਿੱਤੀ ਗਈ ਕਿ ਉਹ ਮਨੁੱਖ ਮਾਤਰ ਦੀ ਸੇਵਾ ਕਰਨ ਤੋਂ ਬਾਜ਼ ਨਹੀਂ ਸੀ ਆ ਰਹੇ। ਇਨਸਾਨੀ ਤਾਰੀਖ ਦੇ ਇਹ ਸਿਆਹ ਪੰਨੇ ਹਮੇਸ਼ਾਂ ਜਹਾਂਗੀਰ ਤੇ ਚੰਦੂ ਵਰਗੇ ਜ਼ਾਲਮਾਂ ਨੂੰ ਸ਼ਰਮਸ਼ਾਰ ਕਰਦੇ ਰਹਿਣਗੇ।

ਜਦੋਂ ਸਾਰੇ ਹੀਲੇ ਬੇਕਾਰ ਸਾਬਤ ਹੋ ਗਏ, ਸਤਿਗੁਰੂ ਅਰਜਨ ਦੇਵ ਜੀ ਸੱਚ ਤੇ ਦ੍ਰਿੜ ਨਜ਼ਰ ਆਏ ਅਤੇ ਆਪ ਦੇ ਬਚਣ ਦੀ ਉਮੀਦ ਵੀ ਜਾਂਦੀ ਰਹੀ ਤਾਂ ਮੁਰਤਜ਼ਾ ਖਾਨ ਦੇ ਹੁਕਮ ਅਨੁਸਾਰ, ਗੁਰੂ ਅਰਜਨ ਦੇਵ ਜੀ ਨੂੰ (30 ਮਈ, 1606) ਦਰਿਆ ਰਾਵੀ ਵਿੱਚ ਡੁਬੋ ਦਿੱਤਾ ਗਿਆ। ਪੰਜ ਦਿਨ ਲਗਾਤਾਰ, ਅਸਹਿ ਤੇ ਅਕਹਿ ਕਸ਼ਟ ਸਹਾਰ ਕੇ ਆਪ ਦੀ ਅਮਰ, ਅਟੱਲ ਆਤਮਾ, ਸ਼ਹੁ-ਸਾਗਰ ਵਿੱਚ ਅਭੇਦ ਹੋ ਗਈ। ਜੋਤੀ ਸੰਗ ਜੋਤ ਮਿਲ ਗਈ। •••••



www.AKJ.Org

# ਦਲ ਭੰਜਨ ਗੁਰ ਸੂਰਮਾ

( ਡਾ: ਕੁਲਦੀਪ ਕੌਰ, ਮੋਹਾਲੀ)

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇਕ ਅਜਿਹੀ ਘਟਨਾ ਸੀ ਜਿਸ ਨਾਲ ਸਮੁੱਚੀ ਸਿੱਖ ਕੌਮ ਵਲੂੰਧਰੀ ਗਈ, ਸਿੱਖਾਂ ਦੇ ਹਿਰਦੇ ਪੱਛੇ ਗਏ। ਸਭ ਪਾਸੇ ਗ਼ਮ,ਗੁੱਸਾ, ਰੋਹ, ਨਿਰਾਸ਼ਾ, ਬਦਲੇ ਦੀ ਭਾਵਨਾ, ਭੈ ਤੇ ਰੋਸ ਦਾ ਮਿਲਿਆ ਜੁਲਿਆ ਧੁੰਧਲਕਾ ਛਾ ਗਿਆ। ਵਿਸ਼ਵਾਸ ਦੇ ਭਰੋਸੇ ਵਾਲੇ ਸਿੱਖਾਂ ਦੇ ਮਨਾਂ ਵਿਚ ਤਾਂ ਆਸ਼ਾ ਦੀ ਕਿਰਨ ਜਗਮਗਾਉਂਦੀ ਰਹੀ ਪਰ ਕਮਜ਼ੋਰ ਦਿਲ ਵਿਅਕਤੀ ਸਹਿਮ ਤੇ ਘਬਰਾਹਟ ਦੀ ਖਾਈ ਵਿਚ ਡਿਗਦੇ ਜਾ ਰਹੇ ਸਨ। ਅਜਿਹੇ ਸਮੇਂ ਡਰ ਸੀ ਕਿ ਸਿੱਖੀ ਦਾ ਬੂਟਾ ਜੋ ਲਗਭਗ ਇਕ ਸੌ ਵਰ੍ਹੇ ਤੋਂ ਅਤਿ ਘਾਲਣਾ ਸਦਕਾ ਪ੍ਰਫੁਲਤ ਹੋ ਰਿਹਾ ਸੀ, ਜ਼ੁਲਮ ਦੇ ਇਸ ਝੱਖੜ ਸਾਹਵੇਂ ਡਗਮਗਾ ਨਾ ਜਾਵੇ। ਪੰਚਮ ਪਿਤਾ ਨੇ ਜਿਨ੍ਹਾਂ 'ਜਨਮਤ ਗੁਰਮਤਿ ਬ੍ਰਹਮੁ' (ਪੰਨਾ ੧੪੦੭) ਪਛਾਣ ਲਿਆ ਸੀ, ਇਸ ਭੈਦਾਇਕ ਸਥਿਤੀ ਦਾ ਪਹਿਲਾਂ ਹੀ ਅਨੁਮਾਨ ਲਾ ਲਿਆ ਸੀ। ਇਸੇ ਲਈ ਲਾਹੌਰ ਜਾਣ ਤੋਂ ਪਹਿਲਾਂ ਆਪਣੇ ਬਾਲ ਸਪੁੱਤਰ ਨੂੰ ਆਦੇਸ਼ ਰੂਪ ਵਿੱਚ ਚੇਤਾਵਨੀ ਕਰਾ ਗਏ ਸਨ ਕਿ ਕਰੜੇ ਸਮੇਂ ਆਉਣ ਵਾਲੇ ਹਨ ਸੋ ਸ਼ਾਤਮਈ ਸੰਘਰਸ਼ ਨੂੰ ਹਾਲਾਤ ਦੀ ਆਵਸ਼ਕਤਾ ਅਨੁਸਾਰ ਹਥਿਆਰਬੰਦ ਸੰਘਰਸ਼ ਵਿੱਚ ਬਦਲਣ ਤੋਂ ਸੰਕੋਚ ਕਰਨ ਦੀ ਲੋੜ ਨਹੀਂ। ਇਸ ਚੇਤਾਵਨੀ ਨੂੰ ਆਦੇਸ਼ ਰੂਪ ਵਿੱਚ ਸਵੀਕਾਰ ਕਰਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਗੁਰਗੱਦੀ ਦੀ ਜ਼ਿਮੇਵਾਰੀ ਸੰਭਾਲਣ ਸਮੇਂ ਮੀਰੀ ਅਤੇ ਪੀਰੀ ਦੀਆਂ ਤਲਵਾਰਾਂ ਪਹਿਨ ਕੇ ਸਪੱਸ਼ਟ ਸੰਕੇਤ ਦੇ ਦਿੱਤਾ ਕਿ ਭਵਿੱਖ ਵਿੱਚ ਜ਼ੁਲਮ ਨੂੰ ਚੁਪ ਕਰਕੇ ਸਹਾਰਿਆ ਨਹੀਂ ਜਾਵੇਗਾ, ਨਾ ਮੀਰ ਦੀ ਮੀਰੀ ਸਾਹਮਣੇ ਸਿਰ ਝੁਕਾਉਣਾ ਹੈ ਅਤੇ ਨਾ ਹੀ ਅੰਧ ਵਿਸ਼ਵਾਸ਼ੀ ਹੋ ਕੇ ਪੀਰੀ ਦੀ ਅਧੀਨਗੀ ਕਬੂਲ ਕੀਤੀ ਜਾਵੇਗੀ। ਇਨ੍ਹਾਂ ਤਲਵਾਰਾਂ ਵਿੱਚ, ਪੰਚਮ ਪਿਤਾ ਦੇ ਕਥਨ ਅਨੁਸਾਰ ਮੀਰੀ ਅਤੇ ਪੀਰੀ ਦੀ ਸ਼ਕਤੀ ਨੂੰ ਖਿੱਚ ਲੈਣ ਦੀ ਸਮਰੱਥਾ ਮੌਜੂਦ ਸੀ।

ਉਸ ਸਮੇਂ ਮੀਰੀ ਰਾਜ ਸੱਤਾ ਦੇ ਮਨ ਵਿੱਚ ਮੱਤੀ ਜ਼ੁਲਮ ਕਰਾ ਰਹੀ ਸੀ। ਬੇਮੁਹਾਰੇ ਸੈਨਿਕ ਦਲ ਜਨ ਸਾਧਾਰਨ ਲਈ ਖਤਰਾ ਬਣੇ ਰਹਿੰਦੇ ਸਨ। ਪੀਰੀ ਝੂਠੇ ਕਰਮ ਕਾਂਡਾਂ ਦੀ ਤਾਣੀ ਤਣਕੇ ਲੁਕਾਈ ਨੂੰ ਭੇਖੀ ਤੇ ਪਖੰਡੀ ਜੀਵਨ ਵੱਲ ਪ੍ਰੇਰ ਰਹੀ ਸੀ। ਦੋਵੇਂ ਸ਼੍ਰੇਣੀਆਂ ਸੁਾਰਥ ਅਧੀਨ ਵਾਤਾਵਰਨ ਨੂੰ ਗੰਧਲਾ ਬਣਾ ਰਹੀਆ ਸਨ। 'ਛਠਮ ਪੀਰ' ਜਿਸ ਨੂੰ ਭਾਈ ਗੁਰਦਾਸ ਜੀ ਨੇ 'ਗੁਰ ਭਾਰੀ' ਕਹਿ ਕੇ ਸਨਮਾਨਿਆ, ਇਨ੍ਹਾਂ ਦੋਹਾਂ ਸ਼ਕਤੀਆਂ ਨਾਲ ਟੱਕਰ ਲੈਣ ਲਈ ਤਿਆਰੀ ਕਰ ਰਿਹਾ ਸੀ। ਮੀਰੀ ਦੇ ਟਾਕਰੇ ਲਈ ਪੂਰਨ ਸੰਤ ਬਨਾਉਣ ਦੀ ਲੋੜ ਸੀ। ਸੋ ਸਿੱਖ ਨੂੰ ਸੰਤ ਵੀ ਬਨਾਉਣਾ ਸੀ ਤੇ ਸਿਪਾਹੀ ਵੀ। ਭਗਤੀ ਦੇ ਨਾਲ ਨਾਲ ਸ਼ਕਤੀ ਵਿਚ ਵੀ ਨਿਪੁੰਨ ਕਰਨ ਦੀ ਲੋੜ ਸੀ। ਭਗਤੀ ਦਾ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਸਥਾਪਤ ਹੋ ਚੁੱਕਿਆ ਸੀ, ਉਥੋ ਦੀ ਮਰਯਾਦਾ ਬੱਝ ਚੁੱਕੀ ਸੀ। ਛੇਵੇਂ ਪਾਤਸ਼ਾਹ ਨੇ ਇਸ ਮਰਯਾਦਾ ਨੂੰ ਪੂਰੀ ਦ੍ਰਿੜ੍ਹਤਾ ਨਾਲ ਨਿਭਾਇਆ। ਭਗਤੀ ਦੁਆਰਾ ਪ੍ਰਾਪਤ ਹੋਈ ਆਤਮ ਸੱਤਾ ਨੂੰ ਆਧਾਰ ਸ਼ਿਲਾ ਬਣਾ ਕੇ ਸਰੀਰਕ ਸ਼ਕਤੀ ਦਾ ਮੀਨਾਰ ਖੜ੍ਹਾ ਕੀਤਾ ਜਾਣਾ ਸੀ। ਸੰਤ ਨੂੰ ਸਿਪਾਹੀ ਦੇ ਗੁਣਾਂ ਵਿੱਚ ਨਿਪੁੰਨ ਕਰਕੇ ਵੈਰੀ,ਦਲਾਂ ਨੂੰ ਖੈ ਕਰਨ ਦੀ ਯੋਜਨਾ ਬਣਾਈ ਜਾ ਰਹੀ ਸੀ। 'ਗੁਰ ਸੂਰਮੇ' ਵਲੋਂ ਬਣਾਏ ਪ੍ਰੋਗਰਾਮ ਅਨੁਸਾਰ 'ਦਲ ਭੰਜਨ' ਦੀ ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਮੀਰੀ ਦੀ ਤਲਵਾਰ ਦੀ ਵਰਤੋਂ ਕੀਤੀ ਜਾਣੀ ਜ਼ਰੂਰੀ ਸੀ।

ਗੁਰ ਸੂਰਮਾ ਮੀਰ ਦੇ ਵੈਰੀ ਦਲਾਂ ਦਾ ਟਾਕਰਾ ਕਰਨ ਲਈ ਤਿਆਰ ਹੋਣ ਵਾਲਿਆਂ ਨੂੰ ਅੰਦਰਲੇ ਵੈਰੀਆਂ ਤੋਂ ਵੀ ਸੁਚੇਤ ਕਰ ਰਿਹਾ ਸੀ। ਇਨ੍ਹਾਂ ਵੈਰੀਆਂ ਤੇ ਜਿੱਤ ਪ੍ਰਾਪਤ ਕਰ ਕੇ ਹੀ ਸਰੀਰਕ ਸ਼ਕਤੀ ਦਾ ਮੁੱਢ ਬੰਨ੍ਹਿਆ ਜਾ ਸਕਦਾ ਸੀ। 'ਪੰਚ ਮਨਾਏ ਪੰਚ ਰੁਸਾਏ' ਦੇ ਸਿਧਾਂਤ ਅਨੁਸਾਰ ਗੁਰ ਉਪਦੇਸ਼ ਹਿਰਦੇ ਵਿਚ ਵਸਾਉਣ ਨਾਲ ਹੀ 'ਜੀਤਿ ਲਏ ਓਇ ਮਹਾ ਬਿਖਾਦੀ' (ਪੰਨਾ ੨੦੬) ਵਾਲੀ ਅਵਸਥਾ ਪ੍ਰਾਪਤ ਹੁੰਦੀ ਹੈ। ਸੋ ਗੁਰੂ ਨੇ ਗੁਰਮਤਿ ਆਦਰਸ਼ਾਂ ਦੇ ਪ੍ਰਚਾਰ ਦੁਆਰਾ ਕਮਜ਼ੋਰ ਦਿਲਾਂ ਵਿੱਚ ਗੁਰਸਿੱਖੀ ਦੀ ਪੁਨਰ ਸੁਰਜੀਤੀ ਲਈ ਪਰਚਾਰ ਫੇਰੀਆਂ ਆਰੰਭੀਆਂ। ਮਾਝਾ, ਮਾਲਵਾ, ਦੁਆਬਾ, ਕਸ਼ਮੀਰ, ਉੱਤਰ ਪ੍ਰਦੇਸ਼ ਆਦਿ ਆਪ ਦੇ ਪਰਚਾਰ ਘੇਰੇ ਵਿੱਚ ਆਏ। ਪਰਚਾਰ ਵਾਸਤੇ ਜੱਥੇ ਵੀ ਬਣਾਏ ਅਤੇ ਸੁਯੋਗ ਸਿੱਖਾਂ ਦੀ ਅਗਵਾਈ ਅਧੀਨ ਗੁਰਮਤਿ ਆਦਰਸ਼ਾਂ ਦਾ ਪਰਚਾਰ ਵੀ ਕਰਵਾਇਆ। ਸ਼ਬਦ ਦੀ ਜਾਗ ਲਾਉਣ ਹਿਤ ਪਰਉਪਕਾਰੀ ਗੁਰੂ ਦੇ ਪਰਉਪਕਾਰੀ ਸਿੱਖਾਂ ਨੇ ਵੀ 'ਜੀਅ ਦਾਨੁ ਦੇ ਭਗਤੀ ਲਾਇਨਿ' (ਪੰਨਾ ੭੪੯) ਵਾਲੀ ਕਾਰ ਨਿਭਾਉਣੀ ਸ਼ੁਰੂ ਕੀਤੀ।

ਇਸ ਤਰ੍ਹਾਂ ਸਿੱਖਾ ਦੇ ਅੰਦਰ ਉਭਾਸਰ ਰਹੇ ਵੈਰੀ ਦਲਾਂ ਦਾ ਖੈਅ ਆਰੰਭ ਹੋ ਗਿਆ। ਵਿਕਾਰੀ ਮਨਾਂ ਨੂੰ ਜਿੱਤ ਕੇ ਜਗ ਨੂੰ ਜਿੱਤਣ ਦੀ ਸ਼ਕਤੀ ਪੈਦਾ ਹੋਣ ਲੱਗੀ। ਸਿੱਖ ਬੜੇ ਫ਼ਖਰ ਨਾਲ ਕਹਿਣ ਲੱਗ ਪਏ 'ਨਿਹਤੇ ਪੰਜਿ ਜੁਆਨ ਮੈ, ਗੁਰ ਥਾਪੀ ਦਿਤੀ ਕੰਡਿ ਜੀਉ।' (ਪੰਨਾ ੭੪) ਗੁਰੂ ਦੀ ਬਖਸ਼ਿਸ਼ ਭਰੀ ਥਾਪੀ ਨਾਲ ਸਿੱਖ ਸੂਰਮੇ ਬਣ ਗਏ। ਹੁੰਦਾ ਵੀ ਕਿਉਂ ਨਾ?

ਜਿਨਿ ਮਿਲਿ ਮਾਰੇ ਪੰਚ ਸੂਰਬੀਰ, ਐਸੋ ਕਉਨੁ ਬਲੀ ਰੇ।।
(ਪੰਨਾ ੪੦੪)

ਜੋ ਜਨ ਲੂਝੈ ਮਨੈ ਸਿਉ ਸੇ ਸੂਰੇ ਪਰਧਾਨਾ।......
ਜਿਨ ਗੁਰ ਪਰਸਾਦੀ ਮਨ ਜੀਤਿਆ ਜਗੁ ਤਿਨਹਿ ਜਿਤਾਨਾ।।
(ਪੰਨਾ ੧੦੮੯)

ਡੋਲਦਿਆਂ ਮਨਾਂ ਵਿੱਚ ਵਿਸ਼ਵਾਸ਼ ਭਰਨ ਲਈ ਉਪਦੇਸ਼ ਦਿੱਤਾ ਗਿਆ : ਹਰਿ ਕਾ ਨਾਮੁ ਕੋਟਿ ਲਖ ਬਾਹਾ।।

ਗਿਆਨ ਖੜਗੁ ਕਰਿ ਕਿਰਪਾ ਦੀਨਾ
ਦੂਤ ਮਾਰੇ ਕਰਿ ਧਾਈ ਹੇ।। (ਪੰਨਾ ੧੦੭੨)



www.AKJ.Org

ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ।।
(ਪੰਨਾ ੧੦੮੭)

ਗਿਆਨ ਖੜਗੁ ਅਤੇ ਨਾਮ ਨੇਜੇ ਨਾਲ ਐਸੀ ਸ਼ਕਤੀ ਦਾ ਪ੍ਰਵੇਸ਼ ਕਰਾਇਆ ਜਿਸ ਨੇ ਸਿੱਖਾਂ ਵਿੱਚ ਐਸੀ ਸ਼ਕਤੀ ਦਾ ਪ੍ਰਵੇਸ਼ ਕਰਾਇਆ ਕਿ ਚੜ੍ਹਦੀ ਕਲਾ ਦੀ ਰੌਅ ਉਤਪੰਨ ਹੋ ਗਈ। ਭੱਟਾਂ ਨੇ ਵੀ ਆਪਣੀ ਰਚਨਾ ਵਿੱਚ 'ਨਾਮ ਨੇਜੇ' ਦਾ ਵਰਨਣ ਬੜੇ ਭਾਵਪੂਰਤ ਢੰਗ ਨਾਲ ਕੀਤਾ ਹੈ। ਸਤਿਗੁਰੂ ਆਪ ਅੰਦਰੋਂ ਨਿਰਭਉ ਅਤੇ ਨਿਰਵੈਰ ਸੀ ਅਤੇ ਸਿੱਖਾਂ ਵਿਚ ਵੀ ਇਹ ਗੁਣ ਭਰੇ ਜਾ ਰਹੇ ਸਨ। ਜਹਾਂਗੀਰ ਦੀ ਤਅੱਸਬੀ ਨੀਤੀ ਕਾਰਣ ਪੰਚਮ ਪਿਤਾ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ ਸੀ ਪਰ ਜਦੋਂ ਉਸਨੇ 'ਛਠਮ ਪੀਰ' ਵੱਲ ਦੋਸਤੀ ਦਾ ਹੱਥ ਵਧਾਇਆ ਤਾਂ ਨਿਰਵੈਰ ਸਤਿਗੁਰੂ ਨੇ ਨਿਰਸੰਕੋਚ ਦੋਸਤੀ ਨਿਭਾਈ।

ਹਕੂਮਤ ਵਲੋਂ ਵਧੀਕੀਆਂ ਸ਼ੁਰੂ ਹੋਈਆਂ ਤਾਂ ਯੁੱਧ ਕਰਨੇ ਜ਼ਰੂਰੀ ਸਨ। ਪਰ ਨਾਮ ਬਾਣੀ ਵਿਚ ਲੀਨ, ਵਾਹਿਗੁਰੂ ਨਾਲ ਇਕਸੁਰ, ਸਦਾ ਹਰਿ ਰੰਗ ਵਿਚ ਰੰਗੇ ਹੋਣ ਕਰਕੇ ਆਪ ਸ਼ਾਂਤ ਚਿੱਤ ਅਤੇ ਸਹਜ ਵਿਚ ਵਿਚਰਦੇ, ਚੜ੍ਹਦੀ ਕਲਾ ਵਾਲੇ ਸਿੱਖਾਂ ਦੀ ਘਾੜਤ ਘੜਦੇ ਰਹੇ। ਪੀਰੀ ਦੀ ਤਲਵਾਰ ਪਹਿਲਾਂ ਪਹਿਨੀ। ਇਹ ਪ੍ਰਤੀਕ ਸੀ ਅੰਦਰਲੀ ਸੱਤਾ ਦੀ। ਇਕ ਵੰਗਾਰ ਸੀ। ਸਿੱਖ ਦਾ ਆਪਾ, ਮਨ ਤੇ ਆਤਮਾ ਨਿਰਭਉ ਹੈ। ਟੱਕਰ ਲੈਣ ਲਈ ਤਿਆਰ ਹੈ। ਆਜ਼ਾਦੀ ਦੀ ਨੀਂਹ ਰੱਖੀ। ਸੈਨਿਕ ਸ਼ਕਤੀ ਲਈ ਆਧਾਰ ਸ਼ਿਲਾ ਤਿਆਰ ਕੀਤੀ। ਜ਼ੁਲਮ ਦੇ ਨਾਸ਼ ਲਈ ਜ਼ਾਲਮ ਨਾਲ ਸ਼ਸ਼ਤ੍ਰਬੱਧ ਟੱਕਰ ਲੈਣ ਦੀ ਜੁਗਤਿ ਸਿਖਾਈ।

ਦਲ ਭੰਜਨ ਗੁਰ ਸੂਰਮਾ, ਉਮਰ ਛੋਟੀ, ਬਿਖੜੇ ਸਮੇਂ, ਬਿਖਮ ਕਾਰ, ਜੱਥੇ ਬੰਦ ਕੌਮ ਦੀ ਉਸਾਰੀ ਦਾ ਕਾਰਜ, ਗੁਰਗੱਦੀ ਦੇ ਵਿਰੋਧੀਆਂ ਨਾਲ ਨਿਪਟਣਾ, ਮੰਦ ਭਾਵਨਾ ਤੋਂ ਉਪਜੀਆਂ ਬਦ-ਨੀਤੀਆਂ ਦੇ ਦਲ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿੱਛੋਂ ਉਪਜੀ ਨਿਰਾਸਤਾ ਜੋ ਸਿੱਖੀ ਲਈ ਘੁਣ ਸਾਬਤ ਹੋ ਸਕਦੀ ਸੀ, ਇਹ ਸਭ ਮੰਦ ਸ਼ਕਤੀਆਂ ਵੈਰੀ ਦਲਾਂ ਨਾਲੋਂ ਕਿਸੇ ਪ੍ਰਕਾਰ ਘੱਟ ਨਹੀਂ ਸਨ। ਨਿਰਾਸ਼ਾ ਨੂੰ ਨਿਰਾ ਆਸ ਵਿੱਚ ਹੀ ਨਹੀਂ ਸੀ ਬਦਲਨਾ, ਆਸ ਨੂੰ ਚੜ੍ਹਦੀ ਕਲਾ ਵਾਲੇ ਜੀਵਨ ਦਾ ਸਰੋਤ ਬਣਾਉਣਾ ਸੀ। ਅਜਿਹਾ ਹੀ ਕੀਤਾ ਕਿਆ। ਨਿਰਾਸਤਾ ਦੇ ਬੱਦਲ ਦਲ ਬਣਕੇ ਆਏ ਅਤੇ ਨਾਮ-ਤੀਰਾਂ ਦੇ ਵਾਰ ਨਾਲ ਖਿੰਡ ਪੁੰਡ ਗਏ। ਉਨ੍ਹਾਂ ਦੀ ਥਾਂ ਆਸ ਦਾ ਮੇਘਲਾ ਛਮਾ ਛਮ ਵਰਸਣ ਲੱਗ ਪਿਆ ਅਤੇ ਆਪਾ ਵਾਰਨ ਵਾਲੀ ਭਾਵਨਾ ਵਾਲੇ ਯੋਧੇ ਉਗਮ ਪਏ। ਦੁਸ਼ਟ ਦਲਾਂ ਨੂੰ ਸੰਘਾਰਣ ਲਈ ਧਰਮੀ ਯੋਧਿਆਂ ਦੇ ਦਲ ਹੋਂਦ ਵਿੱਚ ਆਏ। ਸਿੱਖ ਯੋਧਿਆਂ ਨੂੰ ਨਾਮ ਰੰਗ ਨਾਲ ਰੰਗਿਆ ਜਾ ਰਿਹਾ ਸੀ, ਕਿਉਂਕਿ :

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।
ਆਤਮ ਜਿਣੈ ਸਗਲ ਵਸਿ ਤਾਕੈ ਜਾ ਕਾ ਸਤਿਗੁਰੁ ਪੂਰਾ।।
(ਪੰਨਾ ੬੭੯-੮੦)

ਅਜਿਹੇ ਸੂਰਮਿਆਂ ਉਤੇ ਬਖ਼ਸ਼ਿਸ਼ ਹੋਈ ਅਤੇ ਗੁਰ ਸੂਰਮੇ ਨੇ-

ਛਡਾਇ ਲੀਓ ਮਹਾ ਬਲੀ ਤੇ ਅਪਨੇ ਚਰਨ ਪਰਾਤਿ।।
ਏਕੁ ਨਾਮੁ ਦੀਓ ਮਨ ਮੰਤਾ ਬਿਨਸਿ ਨ ਕਤਹੂ ਜਾਤਿ।।
(ਪੰਨਾ ੬੮੧)

ਬੱਸ ਫਿਰ ਕੀ ਸੀ ? ਸ੍ਰੀ ਹਰਿਮੰਦਰ ਸਾਹਿਬ ਦੀ ਨਿਗਰਾਨੀ ਹੇਠ ਅਕਾਲ ਤਖ਼ਤ ਦੀ ਸਿਰਜਨਾ ਕੀਤੀ ਗਈ। ਕੁਸ਼ਤੀਆਂ, ਖੇਡਾਂ, ਕਸਰਤਾਂ, ਤੀਰ ਅੰਦਾਜ਼ੀ, ਘੋੜ ਸਵਾਰੀ ਤੇ ਹੋਰ ਜੰਗੀ ਕਰਤਬਾਂ ਦੀ ਸਿਖਲਾਈ ਕਰਾਈ ਜਾਣ ਲੱਗੀ। ਚੰਗੇ ਸ਼ਸ਼ਤ੍ਰ, ਭਰਪੂਰ ਜਵਾਨੀ, ਵਧੀਆ ਘੋੜੇ, ਗੁਰੂ ਨੂੰ ਹੁਣ ਇਹ ਭੇਟਾ ਹੀ ਪਰਵਾਨ ਸੀ। ਹਰਿਮੰਦਰ ਸਾਹਿਬ ਵਿੱਚ ਬਾਣੀ ਦੇ ਗਾਇਨ ਦੁਆਰਾ ਆਤਮ ਸੱਤਾ ਦਾ ਲੰਗਰ ਚਲਦਾ, ਅਕਾਲ ਤਖ਼ਤ ਦੇ ਸਨਮੁਖ ਸਰੀਰਕ ਸ਼ਕਤੀਆਂ ਦਾ ਅਭਿਆਸ ਕਰਾ ਕੇ ਸੈਨਾ ਤਿਆਰ ਕੀਤੀ ਜਾਂਦੀ। ਸੈਨਾਪਤੀ ਨਿਰਾ ਜੱਥੇਦਾਰ ਜਾਂ ਸੈਨਾਪਤੀ ਨਹੀਂ ਸੀ, ਗੁਰੂ ਪਦ ਨਾਲ ਵੀ ਸੁਸ਼ੋਭਿਤ ਸੀ। ਇਸ ਲਈ ਗਿਆਨ ਪ੍ਰਦਾਤਾ ਅਤੇ ਸੈਨਾਪਤੀ ਦੇ ਕਰਤੱਵ ਨਾਲ ਨਾਲ ਨਿਭਾਏ ਜਾ ਰਹੇ ਸਨ। ਧਰਮ ਦੇ ਪਰਚਾਰਕ ਵੀ ਤਿਆਰ ਹੋ ਰਹੇ ਸਨ, ਸ਼ਸ਼ਤ੍ਰ ਵਿਦਿਆ ਅਤੇ ਰਣਨੀਤੀ ਵਿੱਚ ਨਿਪੁੰਨ ਯੋਧਿਆਂ ਨੂੰ ਵੀ ਜ਼ਿਮੇਵਾਰੀਆਂ ਸੌਂਪੀਆਂ ਜਾ ਰਹੀਆਂ ਸਨ। ਸਿੱਖ ਕੇਵਲ ਸਿੱਖ ਨਹੀਂ ਸਨ ਰਹੇ, ਸੂਰਮੇ ਗੁਰੂ ਵਾਂਗ ਸੂਰਮੇ ਸਿੱਖ ਸਿਪਾਹੀ ਤਿਆਰ ਹੋ ਰਹੇ ਸਨ।

ਪੰਚਮ ਪਿਤਾ ਦੀ ਛਤਰ ਛਾਇਆ ਹੇਠ ਪ੍ਰਾਪਤ ਕੀਤੀ ਯੁੱਧ ਵਿਦਿਆ ਨਿਯਮਬੱਧ ਵਿਧੀ ਨਾਲ ਸਿੱਖ ਸੰਗਤਾਂ ਨੂੰ ਦੇ ਰਹੇ ਸਨ। ਜੰਗੀ ਕਰਤਬਾਂ ਦਾ ਅਭਿਆਸ ਸਿੱਖਾਂ ਨੂੰ ਕਰਾਉਂਦੇ ਅਤੇ ਸਿੱਖਾਂ ਨਾਲ ਮਿਲ ਕੇ ਆਪ ਵੀ ਕਰਦੇ। ਇਸ ਤਰ੍ਹਾਂ ਗੁਰੂ ਤੇ ਸਿੱਖ ਦੀ ਨੇੜਤਾ ਤੇ ਸਾਂਝ ਹੋਰ ਵੱਧਦੀ ਗਈ। 'ਸਿਖ ਸ਼ਾਂਤਿ-ਰਸੀਆ ਫ਼ਿਰਕਾ ਸੀ। ਸ਼ਹਨ-ਸ਼ੀਲ, ਦੁੱਖ ਸੁੱਖ ਝੱਲਣ ਵਾਲਾ, ਸੁਲਹ ਕੁਲ, ਪਰਉਪਕਾਰੀ, ਫ਼ਕੀਰ ਹੋ ਕੇ ਗ੍ਰਿਹਸਤ ਵਿੱਚ ਰਹਿਣਾ, ਗ੍ਰਿਹਸਤ ਵਿਖੇ ਰਹਿ ਕੇ ਸੁਆਰਥੀ ਦੀ ਥਾਂ ਪਰਉਪਕਾਰੀ ਹੋਣਾ, ਹੁਣ ਉਨ੍ਹਾਂ ਨੂੰ ਬੀਰ-ਰਸ ਸਿਖਾਇਆ ਗਿਆ ਕਿ ਉਹ ਸ਼ਾਂਤਿ-ਰਸ ਦੀ ਰੱਖਿਆ ਕਰੇ। ਬੀਰ-ਰਸ ਕ੍ਰੋਧੀ ਹੋਣ, ਬਦਲੇ ਲੈਣ, ਕਤਲ, ਖ਼ੂਨ, ਗਾਰਤ-ਗਰੀ ਦਾ ਨਾਮ ਨਹੀਂ ਹੈ, ਬੀਰ-ਰਸ ਨਾਮ ਹੈ ਉਤਸ਼ਾਹ ਵਾਲੇ ਜੀਵਨ ਦਾ।

ਗੁਰੂ ਹਰਿਗੋਬਿੰਦ ਜੀ ਨੇ ਸਿੱਖਾਂ ਨੂੰ ਬੀਰ-ਰਸੀਏ ਬਨਾਉਣ ਦਾ ਉਦਮ ਭੀ ਗੱਦੀ ਬੈਠਦੇ ਹੀ ਆਰੰਭ ਕਰ ਦਿੱਤਾ।" (ਭਾਈ ਵੀਰ ਸਿੰਘ ਜੀ) (ਚਲਦਾ)

•••••



www.AKJ.Org

# ਗੁਰੂ ਅਰਜਨ ਦੇਵ ਜੀ

(ਡਾ: ਕੁਲਦੀਪ ਸਿੰਘ ਹਉਰਾ)

ਗੁਰੂ ਅਰਜਨ ਦੇਵ ਜੀ ਅਨੁਭਵੀ, ਪਵਿਤਰਤਾ ਦੇ ਸੋਮੇ, ਉੱਚਤਮ ਸਾਹਿਤਕ-ਪ੍ਰਤਿਭਾ ਵਾਲੇ ਲੇਖਕ, ਮਹਾਨ ਉਸਰਈਏ, ਲਾਸਾਨੀ ਵਿਉਂਤਕਾਰ, ਗੰਭੀਰ ਚਿੰਤਕ, ਸੰਤ, ਸੰਗੀਤ-ਪ੍ਰੇਮੀ, ਮਹਾਂ-ਕਵੀ, ਕੋਮਲ ਕਲਾਵਾਂ ਦੇ ਸਮਰੱਥਕ, ਭਾਸ਼ਾ-ਵਿਗਿਆਨੀ, ਅੱਤਿ ਨਿਮ੍ਰਤਾ ਵਾਲੇ ਵਿਅਕਤੀ ਤੇ ਬਹੁਪੱਖੀ ਵਿਦਵਤਾ ਦੇ ਮਾਲਕ, ਪਾਰਖੂ ਵਿਦਵਾਨ ਸਨ।

ਆਪ ਰਾਜ-ਜੋਗੀ ਸਨ। ਆਪ ਗ੍ਰਹਿਸਤੀ ਸਨ ਤੇ ਸੰਸਾਰਕ ਕਾਰਜ ਕਰਦੇ ਹੋਏ ਵੀ ਨਾਮ-ਰੰਗ ਵਿੱਚ ਰੰਗੇ ਰਹਿੰਦੇ ਸਨ। ਗੁਰਮਤਿ ਅਨੁਸਾਰ, ਨਾਮ ਜਪਨਾ, ਸੇਵਾ ਕਰਨੀ ਤੇ ਵੰਡ ਛਕਣਾ ਗ੍ਰਹਿਸਤੀ-ਜੀਵਨ ਦਾ ਉਦੇਸ਼ ਮੰਨਿਆ ਗਿਆ ਹੈ।

ਗੁਰੂ ਸਾਹਿਬ ਸਹਿਨ-ਸ਼ੀਲਤਾ ਤੇ ਕੁਰਬਾਨੀ ਤੇ ਮਜੱਸਮੇ ਸਨ। ਐਸੇ ਮਹਾਨ ਗੁਣਾਂ ਸਦਕਾ ਹੀ ਆਪ ਨੇ ਸਿੱਖ ਲਹਿਰ ਦਾ ਮਹੱਤਵ ਪੂਰਨ ਵਿਗਾਸ ਕੀਤਾ। ਆਪ ਨੇ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਪਾਸੋਂ ਰਖਵਾਕੇ ਸਹਿਨਸ਼ੀਲਤਾ ਦੀ ਵਿਲੱਖਣ ਉਦਾਹਰਣ ਪੇਸ਼ ਕੀਤੀ।

ਮਥੁਰਾ ਭੱਟ ਅਨੁਸਾਰ *"ਓਪਰੀ ਨਜ਼ਰ ਨਾਲ ਵੇਖਣ ਵਾਲਾ ਤਾਂ ਗੁਰੂ ਅਰਜਨ ਦੇਵ ਜੀ ਮਾਇਆ ਵਿਚ ਵਿਚਰਦਾ ਹੀ ਸਮਝੇਗਾ, ਪਰ ਦੀਰਘ ਦ੍ਰਿਸ਼ਟੀ ਨਾਲ ਵੇਖਿਆ ਪਤਾ ਲੱਗਦਾ ਹੈ ਕਿ ਆਪ ਤਾਂ ਸਦਾ ਨਾਮ-ਰਸ ਵਿਚ ਹੀ ਖੀਵੇ ਰਹਿੰਦੇ ਹਨ।"*

"ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗੋ, ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ।।
ਮਥੁਰਾ ਕੋ ਪ੍ਰਭੁ ਸ੍ਰਬ ਮਯ, ਅਰਜੁਨ ਗੁਰੁ, ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ।।"

ਅਤੇ (ਪੰਨਾ ੧੪੦੮-੯)

"ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ।।
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ।।" (ਪੰਨਾ ੧੪੦੯)

ਗੁਰੂ ਸਾਹਿਬ ਦੀ ਇਹ ਪੱਕੀ ਧਾਰਨਾ ਸੀ ਕਿ ਸੁਖ ਪ੍ਰਭੂ ਨੂੰ ਹਰ ਸਮੇਂ ਯਾਦ ਵਿੱਚ ਵਸਾਉਣ ਕਰਕੇ ਹੀ ਪ੍ਰਾਪਤ ਹੁੰਦਾ ਹੈ। ਇਸ ਪ੍ਰਥਾਇ ਆਪ ਦਾ ਕਥਨ ਹੈ "ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਬਿੰਦ ਪਰਾਇਣ।। ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ।।" (ਪੰਨਾ ੭੧੪) ਸਦੀਵੀ ਸੁਖ ਕੇਵਲ ਪ੍ਰਮਾਤਮਾ ਨੂੰ ਸਦੀਵ ਕਾਲ ਯਾਦ ਵਿਚ ਵਸਾਇਆ ਹੀ ਪ੍ਰਾਪਤ ਹੋ ਸਕਦਾ ਹੈ। ਗੁਰੂ ਮਹਾਰਾਜ ਸਰਬਗ ਸਨ। ਉਹ ਆਮ ਮਨੁੱਖੀ ਕਮਜ਼ੋਰੀਆਂ ਨੂੰ *"ਉਤਮ ਪੁਰਖ"* ਰਾਹੀਂ ਵਰਨਣ ਕਰਦੇ ਹੋਏ ਫੁਰਮਾਂਦੇ ਹਨ, "ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ।। ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ।। ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ।। ਹਮ ਅਪਰਾਧੀ ਸਦ ਭੂਲਤੇ ਤੁਮ ਬਖਸ਼ਨ ਹਾਰੇ।। ਰਹਾਉ।।" (ਪੰਨਾ ੮੦੯)

# ਜੇ ਕੋ ਗੁਰ ਤੇ ਵੇਮੁਖੁ ਹੋਵੈ

ਸੂਕਰ, ਸੁਆਨ, ਗਰਧਭ, ਮੰਜਾਰਾ।।
ਪਸੂ, ਮਲੇਛ, ਨੀਚ, ਚੰਡਾਲਾ।।
ਗੁਰ ਤੇ ਮੁਹੁ ਫੇਰੇ ਤਿਨ ਜੋਨਿ ਭਵਾਈਐ।।
ਬੰਧਨਿ ਬਾਧਿਆ ਆਈਐ ਜਾਈਐ।।੫।। (ਬਿਲਾਵਲੁ ਮ: ੧, ਪੰਨਾ ੮੩੨)

(ਜਿੰਨ੍ਹਾਂ ਬੰਦਿਆਂ ਨੇ ਗੁਰੂ ਵਲੋਂ ਆਪਣਾ ਮੂੰਹ ਮੋੜਿਆ ਹੋਇਆ ਹੈ ਉਨ੍ਹਾਂ ਨੂੰ ਸੂਰ, ਕੁਤੇ, ਖੋਤੇ, ਬਿੱਲੇ, ਪਸੂ, ਮਲੇਛ, ਨੀਚ, ਚੰਡਾਲ ਆਦਿਕ ਜੂਨਾਂ ਵਿੱਚ ਭਵਾਇਆ ਜਾਂਦਾ ਹੈ। ਮਾਇਆ ਦੇ ਮੋਹ ਦੇ ਬੰਧਨ ਵਿੱਚ ਬਝਾ ਹੋਇਆ ਮਨੁੱਖ ਜਨਮ ਮਰਨ ਦੇ ਗੇੜ ਵਿੱਚ ਪਿਆ ਰਹਿੰਦਾ ਹੈ।)

www.AKJ.Org

Regd.No. R.N./12245/66 SURA/ May/96 P.O. Regd. No.PB/LD/121/96

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵੇਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2. ਚੈਕ, ਡਰਾਫਟ ਆਦਿ ਭੇਜਣ ਵੇਲੇ ਅਲੱਗ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। 3. ਮਨੀਆਰਡਰ ਫ਼ਾਰਮ ਉਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰਬਰ, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ। -- ਸੰਪਾਦਕ

## ਅਹਿਮਦਗੜ੍ਹ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ

ਗ੍ਰਹਿ ਭਾਈ ਭੁਪਿੰਦਰ ਸਿੰਘ ਜੀ ਨੇੜੇ ਧੂਰਕੋਟ ਚੌਂਕ ਅਹਿਮਦਗੜ੍ਹ ਵਿਖੇ ਰੈਣਿ ਸਬਾਈ ਕੀਰਤਨ 11 ਮਈ ਰਾਤ ਨੂੰ।

ਗੁਰਦੁਆਰਾ ਬਾਬਾ ਕੇਹਰ ਦਾਸ, ਢੰਡਾਰੀ ਕਲਾਂ (ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ 18 ਮਈ ਰਾਤ ਨੂੰ।

## ਹੁਸ਼ਿਆਰਪੁਰ ਵਿਖੇ ਸਾਲਾਨਾ ਸ਼ਹੀਦੀ ਪੁਰਬ ਕੇਂਦਰੀ ਅਖੰਡ ਕੀਰਤਨ ਸਮਾਗਮ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਹੁਸ਼ਿਆਰਪੁਰ ਦੀ ਸੰਗਤ ਵਲੋਂ 18 ਮਈ ਸ਼ਾਮ ਤੋਂ 22 ਮਈ ਸਵੇਰ ਤੱਕ ਅਖੰਡ ਕੀਰਤਨ ਸਮਾਗਮ ਕੀਤੇ ਜਾ ਰਹੇ ਹਨ ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

18-5-96 ਸ਼ਾਮ 7 ਤੋਂ 9 ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਹੁਸ਼ਿਆਰਪੁਰ ਵਿਖੇ।

19-5-96 ਸਵੇਰ 4 ਤੋਂ 6 ਕੀਰਤਨ ਸ੍ਰੀ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਸਿੰਘ ਸਭਾ ਰੇਲਵੇ ਰੋਡ ਵਿਖੇ।
ਸ਼ਾਮ 7 ਤੋਂ 9 ਅਖੰਡ ਕੀਰਤਨ ਗੁ: ਕਲਗੀਧਰ ਚਰਨਪਾਵਨ, ਮਾਡਲ ਟਾਊਨ ਨੇੜੇ ਰੋਸ਼ਨ ਗਰਾਊਂਡ ਵਿਖੇ।

20-5-96 ਸਵੇਰ 6 ਤੋਂ 12 ਅਖੰਡ ਕੀਰਤਨ ਇਤਿਹਾਸਕ ਗੁ: ਭਾਈ ਜੋਗਾ ਸਿੰਘ ਜੀ ਮੁਹੱਲਾ ਸ਼ੇਖਾਂ ਵਿਖੇ।
ਸ਼ਾਮ 4 ਵਜੇ ਅਰੰਭ ਨਗਰ ਕੀਰਤਨ ਗੁ: ਸਿੰਘ ਸਭਾ ਰੇਲਵੇ ਰੋਡ ਤੋਂ।

21-5-96 ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਇੱਕ ਵਜੇ ਤੱਕ ਗੁ: ਸਿੰਘ ਸਭਾ
ਸ਼ਾਮ 7 ਵਜੇ ਸੋਦਰ ਉਪਰੰਤ ਅਰੰਭ ਰੈਣਿ ਸਬਾਈ ਕੀਰਤਨ ਗੁ: ਸਿੰਘ ਸਭਾ ਵਿਖੇ।

**ਅੰਮ੍ਰਿਤ ਸੰਚਾਰ :-** 21-5-96 ਸ਼ਾਮ 7 ਵਜੇ ਗੁ: ਸਿੰਘ ਸਭਾ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਅਰੰਭ ਹੋਣਗੇ। ਅਭਿਲਾਖੀ ਸੱਜਣ ਸਮੇਂ ਸਿਰ ਤਿਆਰ ਹੋ ਕੇ ਪਹੁੰਚਣ।

**ਰਿਹਾਇਸ਼ ਤੇ ਲੰਗਰ :-** ਬਾਹਰੋਂ ਆਈਆਂ ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਸਿੰਘ ਸਭਾ ਵਿਖੇ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

**ਪ੍ਰਾਰਥਕ ਦਾਸਰੇ:-** ਪ੍ਰਬੰਧਕ ਕਮੇਟੀ ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਹੁਸ਼ਿਆਰਪੁਰ ਅਤੇ ਅਖੰਡ ਕੀਰਤਨੀ ਜੱਥਾ ਜ਼ਿਲਾ ਹੁਸ਼ਿਆਰ

## U.K. ਵਿਖੇ ਅਖੰਡ ਕੀਰਤਨ ਸਮਾਗਮ

ਸ਼ਹੀਦੀ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ Gurd. Sri Guru Singh Sabha Haveloch Road Southall MIDDX England ਵਿਖੇ ਰੈਣਿ ਸਬਾਈ ਕੀਰਤਨ 25/5/96 ਰਾਤ ਨੂੰ। Tel. Gurd. 0181-574-8901

ਹੋਰ ਜਾਣਕਾਰੀ ਲਈ :- ਭਾਈ ਸਤਨਾਮ ਸਿੰਘ ਜੀ ਸਾਊਥਹਾਲ Tel. 0181-571-4690

ਗ੍ਰਹਿ ਭਾਈ ਜਸਵੰਤ ਸਿੰਘ ਜੀ 63 Tent Road Langley Buchs England ਵਿਖੇ ਅਖੰਡ ਪਾਠ ਸਾਹਿਬ 31-5-96 ਤੋਂ 2-6-96 ਉਪਰੰਤ ਅਖੰਡ ਕੀਰਤਨ ਸਮਾਗਮ। ਵਧੇਰੇ ਜਾਣਕਾਰੀ ਲਈ :

1. ਭਾਈ ਸੋਹਨ ਸਿੰਘ ਜੀ Tel. 01753-530624 2. ਭਾਈ ਜਰਨੈਲ ਸਿੰਘ ਜੀ Tel. 01926-330008

## ਜ਼ਰੂਰੀ ਸੂਚਨਾ

ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ 'ਸੂਰਾ' ਦਾ ਸਬ-ਆਫਿਸ (ਡਾਕਖਾਨੇ ਦੇ ਸਾਹਮਣੇ) ਖੋਲ੍ਹਿਆ ਗਿਆ ਹੈ। ਹਰ ਪ੍ਰਕਾਰ ਦਾ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਹੀ ਭੇਜਿਆ ਜਾਇਆ ਕਰੇ ਜੀ-

'ਸੂਰਾ' ਮਾਸਿਕ ਪੱਤਰ,
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ,
ਡਾਕਖਾਨਾ, ਮਾਡਲ ਟਾਊਨ, ਲੁਧਿਆਣਾ (ਪੰਜਾਬ)-141002

## ਸੂਰਾ ਪੱਤਰ ਨੂੰ ਪੂੰਜੀ ਸਹਾਇਤਾ

| | | | |
|---|---|---|---|
| ਭਾਈ ਰਿਪੁਦਮਨ ਸਿੰਘ ਕੈਨੇਡਾ [illegible] | 10000 ਰੁ: | ਭਾਈ ਨਾਨਕ ਸਿੰਘ ਪੂਨਾ | 500 ਰੁ: |
| ਭਾਈ ਚਰਨਜੀਤ ਸਿੰਘ ਲੁਧਿਆਣਾ | 500 ਰੁ: | ਸ੍ਰੀ ਮਤੀ ਮਨਜੀਤ ਕੌਰ | 100 ਰੁ: |
| ਭਾਈ ਸੰਤਾ ਸਿੰਘ ਸੰਗਰੂਰ | 100 ਰੁ: | ਸ੍ਰ: ਮਨਜੀਤ ਸਿੰਘ | 250 ਰੁ: |

SURA (Monthly) KOTHI No. 12, BLOCK-I, BHAI RANDHIR SINGH NAGAR, LUDHIANA 141004

www.AKJ.Org